# ਅੰਮ੍ਰਿਤ ਕੀਰਤਨ

# Amrit Kirtan

ਅਗਸਤ 2003



### JAGIR SINCH

### Akademi Award: Gurbani (Punjab)

Born in 1949 in the village of Baprour in Punjab, Shri Jagir Singh received his training in Gurbani first from his father Bhai Uttam Singh and later under Bhai Bakhshish Singh. He also trained in classical music under Professor Yash Paul. Together with practical music, he under took academic studies, acquiring Master's degrees in music, in the Punjabi language, and in religion. He holds a doctorate for his research into the 'Relation of Guru Poetry with Music'.

An artist of wide renown, Shri Jagir Singh is today among the foremost Gurbani singers of Punjab. His renderings of Gurbani are keenly heard by the devout on various religious and cultural occasions. He has presented his art in many parts of India besides Punjab, and has also performed in the U.K., the U.S.A., and Australia.

Shri Jagir Singh performs regularly on All India Radio, and has a large number of recordings of Gurbani Keertan to his credit. He has also composed music and lent his voice in television productions including Hola Mohala and Nihang Singh Ji.

Shri Jagir Singh receives the Sangeet Natak Akademi Award for his contribution to Gurbani music of Punjab.

ਆਨਰੇਰੀ ਸੰਪਾਦਕ: ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 8 ◆ ਸਾਲ ਪੰਦਰਵਾਂ ◆ ਅਗਸਤ 2003



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-772660

e-mail: drjagirsingh@rediffmail.com



| | |
|---|---|
| **ਮਿਤ੍ਰ ਅਸਾਡੜੇ ਸੇਈ**<br>*ਪਾਠਕਾਂ ਦੇ ਪੱਤਰ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 4 |
| **ਕੀਰਤਨ ਚਉਂਕੀਆਂ**<br>*ਪ੍ਰੋ. ਕਰਤਾਰ ਸਿੰਘ* | 5 |
| **ਮਹਾਨ ਗੁਰਮਤਿ ਸੰਗੀਤ ਪਰੰਪਰਾ**<br>*ਡਾ. ਜੇ ਕੌਰ* | 9 |
| **ਡੇਰਾ ਬਾਬਾ ਨਾਨਕ**<br>*ਸੰਚਾਲਕ ਤੇ ਸੂਚਨਾ ਪ੍ਰਚਾਰ ਵਿਭਾਗ ਪੰਜਾਬ* | 12 |
| **ਸਿੱਖਇਜ਼ਮ ਦਾ ਪ੍ਰਚਾਰ**<br>*ਕਰਤਾਰ ਸਿੰਘ ਗੋਸ਼ਟੀ* | 16 |
| **ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ**<br>*ਸਤਿਬੀਰ ਸਿੰਘ* | 18 |
| **"ਅਗੰਮ ਅਗੋਚਰ" - ਥੀਮਕ ਅਧਿਐਨ**<br>*ਡਾ. ਕੁਲਵੰਤ ਕੌਰ* | 20 |
| **Cardinal Fundamentals of Sikhism**<br>*R M Chopra* | 24 |
| **ਸੁਰ ਲਿਪੀਆਂ**<br>*ਉਤਮ ਸਿੰਘ, ਗਿਆਨ ਸਿੰਘ* | 26 |
| **ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ**<br>*ਮਨਮੋਹਨ ਸਿੰਘ* | 27 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 391443

# ਮਿਤ੍ਰ ਅਸਾਡੜੇ ਸੇਈ

♦ 'ਅੰਮ੍ਰਿਤ ਕੀਰਤਨ' ਬਕਾਇਦਾ ਮਿਲ ਰਿਹਾ ਹੈ, ਇਸ ਲਈ ਧੰਨਵਾਦੀ ਹਾਂ ਪਰਚਾ ਮਿਲਦਿਆਂ ਹੀ ਪਹਿਲੀ ਨਜ਼ਰ ਤੁਹਾਡੀ ਲਿਖਤ 'ਕਰਉ ਬੇਨੰਤੀਆਂ' ਉੱਤੇ ਪੈਂਦੀ ਹੈ ਜੋ ਇਕੋ ਸਾਹੇ ਪੜ੍ਹ ਲਈਦਾ ਹੈ। ਤੁਸੀਂ ਹਮੇਸ਼ਾ ਬੜੀ ਸੁਹਿਰਦਤਾ ਨਾਲ ਆਪਣੇ ਨਿਜੀ ਅਨੁਭਵ ਅੰਮ੍ਰਿਤ ਕੀਰਤਨ ਦੇ ਪਾਠਕਾਂ ਨਾਲ ਸਾਂਝੇ ਕਰਦੇ ਰਹਿੰਦੇ ਹੋ। ਕਈ ਵਾਰੀ ਤੁਹਾਡੇ ਨਿਜੀ ਅਨੁਭਵ ਮਨ ਨੂੰ ਟੁੰਬਣ ਵਾਲੇ ਹੁੰਦੇ ਹਨ। ਇਸ ਵਾਰੀ ਤੁਸੀਂ ਆਪਣੇ ਇਕ ਸੁਪਨੇ ਦੀ ਗੱਲ ਕੀਤੀ ਹੈ ਜਿਸ ਵਿਚ ਅੰਮ੍ਰਿਤ ਕੀਰਤਨ ਦੀਆਂ ਇੱਕ ਲੱਖ ਕਾਪੀਆਂ ਛਪਣ ਦੀ ਇੱਛਾ ਦਾ ਜ਼ਿਕਰ ਹੈ। ਪ੍ਰਸਿੱਧ ਮਨੋਵਿਗਿਆਨੀ ਫਰਾਇਡ ਅਨੁਸਾਰ ਸੁਪਨਿਆਂ ਰਾਹੀਂ ਸਾਡੀਆਂ ਇੱਛਾਵਾਂ ਤ੍ਰਿਪਤ ਹੁੰਦੀਆਂ ਹਨ। ਪਰ ਇਹ ਸੁਪਨੇ ਸਾਡੀ ਜ਼ਿੰਦਗੀ ਦਾ ਬਹੁਤ ਵੱਡਾ ਸਰਮਾਇਆ ਵੀ ਹੁੰਦੇ ਹਨ। ਦੁਨੀਆਂ ਵਿਚ ਜੋ ਕੁਝ ਵੀ ਸਾਕਾਰ ਹੋ ਕੇ ਯਥਾਰਥ ਦਾ ਰੂਪ ਧਾਰਦਾ ਹੈ ਉਹ ਪਹਿਲੇ ਮਨੁੱਖ ਦੇ ਅੰਦਰ ਇਕ ਸੁਪਨੇ ਦੇ ਰੂਪ ਵਿਚ ਹੀ ਉਭਰਦਾ ਹੈ। ਸਦੀਆਂ ਤੋਂ ਮਨੁੱਖ ਆਪਣੇ ਅੰਦਰ ਉਭਰਦੇ ਹੋਏ ਸੁਪਨਿਆਂ ਨੂੰ ਸਾਕਾਰ ਕਰਦਾ ਆਇਆ ਹੈ। ਦੁਨੀਆਂ ਭਰ ਦੇ ਵੱਡੇ ਵੱਡੇ ਵਿਦਵਾਨਾਂ ਸਾਇੰਸਦਾਨਾਂ ਦੀਆਂ ਜਿੰਨੀਆਂ ਵੀ ਲੱਭਤਾਂ ਹਨ ਉਹ ਪਹਿਲਾਂ ਇਕ ਸੁਪਨੇ ਦੇ ਰੂਪ ਵਿਚ ਹੀ ਉਭਰੀਆਂ ਸਨ ਜੋ ਉਨ੍ਹਾਂ ਦੀ ਅਣਥੱਕ ਮਿਹਨਤ ਅਤੇ ਲਗਨ ਸਦਕਾ ਅੱਜ ਸਮੁੱਚੀ ਮਾਨਵਤਾ ਲਈ ਪੱਥ ਪ੍ਰਦਰਸ਼ਨ ਦਾ ਕੰਮ ਕਰ ਰਹੀਆਂ ਹਨ। ਅਰਸਤੂ, ਪਲੈਟੋ, ਡਾਰਵਿਨ, ਨਿਊਟਨ, ਗੈਲੀਲਿਓ ਅਤੇ ਆਈਨ ਸਟਾਈਨ ਜਿਹੇ ਮਹਾਨ ਵਿਦਵਾਨਾਂ ਸਾਇੰਸਦਾਨਾਂ ਦੀਆਂ ਲੱਭਤਾਂ ਸ਼ੁਰੂ ਵਿੱਚ ਇਕ ਸੁਪਨੇ ਦੇ ਰੂਪ ਵਿਚ ਸਾਕਾਰ ਹੋਈਆਂ ਸਨ।

'ਅੰਮ੍ਰਿਤ ਕੀਰਤਨ' ਦੀਆਂ ਇਕ ਲੱਖ ਕਾਪੀਆਂ ਛਪਣ ਦਾ ਸੁਪਨਾ ਕੋਈ ਏਨੀ ਵੱਡੀ ਗੱਲ ਨਹੀਂ। ਇਸ ਲਈ ਸ਼ਰਤ ਹੈ ਸਾਡੀ ਕੌਮ ਦਾ ਪੁਸਤਕ ਸਭਿਆਚਾਰ ਪ੍ਰਤੀ ਜਾਗਰੂਕ ਹੋਣ। ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬੀ ਲੋਕਾਂ ਵਿਚ ਇਹ ਜਾਗਰੂਕਤਾ ਬਿਲਕੁਲ ਨਹੀਂ ਹੈ। ਇਸ ਦਾ ਵੱਡਾ ਕਾਰਨ ਸਾਡੀ ਕੌਮ ਦੇ ਆਗੂ ਵੀ ਹਨ ਜੋ ਖੁਦ ਆਪਣੇ ਸਭਿਆਚਾਰਕ ਵਿਰਸੇ ਤੋਂ ਬੇਮੁਖ ਹਨ। ਆਪਣੇ ਕਲਾਕਾਰਾਂ, ਸੰਗੀਤਕਾਰਾਂ, ਸਾਹਿਤਕਾਰਾਂ ਦੀ ਕੋਈ ਕਦਰ ਨਹੀਂ ਜੇ ਸਾਡੇ ਆਗੂ ਇਸ ਪੱਖੋਂ ਜਾਗਰੂਕ ਹੋਣ ਤਾਂ ਉਹ ਲੋਕਾਂ ਵਿੱਚ ਵੀ ਇਸ ਪ੍ਰਤੀ ਜਾਗਰੂਕਤਾ ਪੈਦਾ ਕਰ ਸਕਦੇ ਹਨ। ਅੱਜ ਲੋੜ ਹੈ ਕਿ ਸਾਡੀ ਕੌਮ ਆਪਣੇ ਮਹਾਨ ਵਿਰਸੇ ਪ੍ਰਤੀ ਜਾਗਰੂਕ ਹੋਵੇ ਅਤੇ ਇਹ ਜਾਗਰੂਕਤਾ ਕੇਵਲ ਪੁਸਤਕ ਸਭਿਆਚਾਰ ਦੇ ਫੈਲਣ ਨਾਲ ਹੀ ਪੈਦਾ ਹੋ ਸਕਦੀ ਹੈ। ਜੇ ਹੈਰੀ ਪੋਟਰ ਦੀਆਂ ਕਰੋੜਾਂ ਕਾਪੀਆਂ ਵਿਕ ਸਕਦੀਆਂ ਹਨ ਤਾਂ ਅੰਮ੍ਰਿਤ ਕੀਰਤਨ ਦੀਆਂ ਇਕ ਲੱਖ ਕਿਉਂ ਨਹੀਂ ਦੁਆ ਕਰੋ ਕਿ ਪੰਜਾਬੀ ਲੋਕਾਂ ਵਿਚ ਆਪਣੇ ਸਭਿਆਚਾਰ ਪ੍ਰਤੀ ਜਾਗਰੂਕਤਾ ਆ ਜਾਵੇ।

ਤੁਹਾਡੀ ਸਿਹਤਯਾਬੀ ਲਈ ਦੁਆ ਕਰਦਾ ਹਾਂ।

*- ਗੁਰਮੁਖ ਸਿੰਘ ਸਹਿਗਲ*

*144/8, ਮੁਹੱਲਾ ਅਰੋੜਿਆਂ, ਪਟਿਆਲਾ*

♦ ਜੁਲਾਈ '03 ਦੇ ਅੰਮ੍ਰਿਤ ਕੀਰਤਨ ਦੀ ਕਾਪੀ ਮੇਰੇ ਹੱਥਾਂ ਵਿਚ ਹੈ, ਆਪਜੀ ਨੇ ਪੁੱਛਿਆ ਹੈ ਕਿ ਸੁਪਨੇ ਵੀ ਸੱਚ ਹੋ ਸਕਦੇ ਨ? ਜੀ ਹਾਂ, ਸੱਚ ਹੋ ਸਕਦੇ ਨੇ ਉਹ ਸੁਪਨੇ ਜੋ ਆਪਣੀ ਧੁਨ ਅਤੇ ਲਗਨ ਵਿੱਚ ਮਗਨ ਵਿਅਕਤੀ ਜਾਗਦੇ ਸੁੱਤੇ ਲੈਂਦੇ ਰਹਿੰਦੇ ਹਨ। ਇਹ ਕਿਹਾ ਸੋਹਣਾ ਕਿਸੇ ਆਸ਼ਾਵਾਦੀ ਸੱਜਣ ਨੇ ਕਿਹਾ ਹੈ:

*ਚਲੇ ਥੇ ਇਕੇਲੇ, ਜਾਨਿਬੇ-ਮੰਜ਼ਿਲ ਮਗਰ,*
*ਲੋਗ ਮਿਲਤੇ ਗਏ, ਕਾਫਿਲਾ ਬਨਤਾ ਗਿਆ।*

ਜਦ ਮਿਤ੍ਰ ਅਸਾਡੜੇ ਸੇਈ ਪੜ੍ਹਦਾ ਹਾਂ ਇੰਝ ਲੱਗਦਾ ਹੁੰਦਾ ਹੈ ਕਿ ਆਪਜੀ ਦੇ ਪ੍ਰਸ਼ੰਸਕਾ ਦੀ ਕੋਈ ਕਮੀ ਨਹੀਂ ਇਹਨਾਂ ਵਿਚੋਂ ਹੀ ਕਈ ਗੁਰ-ਘਰ ਦੇ ਪਿਆਰੇ ਅਤੇ ਗੁਰਮਤਿ ਸੰਗੀਤ ਨਾਲ ਜੁੜੇ 'ਮਿਤ੍ਰ', 'ਅੰਮ੍ਰਿਤ ਕੀਰਤਨ' ਦੇ ਇਲਾਹੀ ਕਾਫਲੇ ਨਾਲ ਚੱਲਕੇ ਆਪ ਜੀ ਦਾ ਇਹ "ਅਜੀਬ ਸੁਪਨਾ" ਪੂਰਾ ਕਰਨਗੇ। ਦਾਸ ਦੀ ਇਹ ਇੱਛਾ ਤੇ ਅਰਦਾਸ ਹੈ।

ਦਾਸ ਦੀ ਇੱਕ ਹੋਰ ਰਾਏ ਹੈ ਕਿ ਆਪ ਜੀ ਅੰਮ੍ਰਿਤ ਕੀਰਤਨ ਦੀ ਕਾਪੀ ਹਰ ਮਹੀਨੇ ਪੰਜਾਬ ਦੀਆਂ ਚੀਦਾ-ਚੀਦਾ ਲਾਇਬ੍ਰੇਰੀਆਂ ਵਿਚ ਮੁਫਤ ਭੇਜਣਾ ਸ਼ੁਰੂ ਕਰ ਦਿਓ ਜੀ। ਆਸ ਹੈ ਕਿ ਇਸ ਨੂੰ ਪੜ੍ਹਕੇ ਪਾਠਕ ਜਾਂ ਗੁਰੂ-ਘਰ ਦੇ ਪ੍ਰੇਮੀ ਜਾਂ ਗੁਰਮਤਿ ਕੀਰਤਨ ਦੇ ਸ਼ਰਧਾਲੂ 'ਅੰਮ੍ਰਿਤ ਕੀਰਤਨ' ਦੀ ਮੰਗ ਕਰਨ ਲੱਗ ਪੈਣ ਅਤੇ ਆਪ ਜੀ ਦੇ 'ਅਜੀਬ ਸੁਪਨੇ' ਨੂੰ ਇੱਕ ਲੱਖ ਕਾਪੀਆਂ ਤੋਂ ਵੀ ਵਧੀਕ ਛਾਪਣ ਦੀ ਸ਼ੁਰੂਆਤ ਹੋਣ ਕਾਰਨ ਸਾਕਾਰ ਕਰ ਸਕਣ।

ਆਪ ਜੀ ਦਾ ਪੰਜਾਬੀ ਅਨੁਵਾਦ ਪ੍ਰਭਾ ਅਤੇ

ਦੁਆਰਾ ਲੇਖ 'ਬੜੇ ਗੁਲਾਮ ਅਲੀ ਖਾਂ:- 'ਕਾ ਕਰੂ ਸਜਨੀ' ਪੜ੍ਹ ਦੇ ਦਾਸ ਵੀ ਭਾਵੁਕ ਹੋ ਗਿਆ ਅਤੇ ਅੱਖਾਂ ਭਿੱਜ ਗਈਆਂ।

ਆਪ ਜੀ ਦੀ ਚੰਗੀ ਸਿਹਤ ਲਈ ਅਤੇ ਲੰਮੀ ਉਮਰ ਲਈ ਅਰਦਾਸ ਕਰਦਾ ਹੋਇਆ।

*- ਡਾ. ਤੇਜਪਾਲ ਸਿੰਘ*

*1363, ਸੈਕਟਰ 40ਬੀ, ਚੰਡੀਗੜ੍ਹ*

♦ ਵੀਰ ਜੀਓ, ਮੁਬਾਰਕ ਤੁਹਾਨੂੰ ਨਹੀਂ ਦਿਆਂਗੀ, ਮੁਬਾਰਕ ਅਕਾਲ ਪੁਰਖ ਨੂੰ ਦਿਆਂਗੀ। ਜਿਸ ਦੀ ਧੁਰ ਕੀ ਬਾਨੀ ਗਾਣ ਵਾਲੇ ਨੂੰ ਇਤਨਾ ਮਾਨ ਸਨਮਾਨ ਸੈਂਟਰਲ ਸੰਗੀਤ ਨਾਟਕ ਅਕੈਡਮੀ ਨੇ ਦਿੱਤਾ ਹੈ। ਇਹ ਅਵਾਰਡ ਸਿਰਫ ਤੁਹਾਨੂੰ ਹੀ ਨਹੀਂ ਮਿਲਿਆ ਹੈ, ਗੁਰਬਾਣੀ ਕੀਰਤਨ ਨੂੰ ਮਿਲਿਆ ਹੈ। ਸਾਡਾ ਸਿਰ ਉੱਚਾ ਹੋਇਆ ਹੈ। ਆਪ ਦੇ ਕੀਰਤਨ ਦੀ ਕਦਰ ਗੁਰੂ ਨੇ ਆਪ ਪਾਈ ਹੈ। ਸਿੱਖੀ ਦੀ ਸ਼ਾਨ ਵਧਾਈ ਹੈ ਆਪ ਨੇ ਇਹ ਅਵਾਰਡ ਹਾਸਲ ਕਰਕੇ। ਸਚੇ ਸਨਮਾਨ ਉਦੋਂ ਹੀ ਮਿਲਦੇ ਹਨ ਜਦੋਂ ਗੁਰੂ ਆਪ ਵਡਿਆਈ ਦਿੰਦਾ ਹੈ। ਤੁਹਾਡੇ ਕੀਰਤਨ ਦੇ ਅੰਦਰਲੇ ਬੈਰਾਗ ਤੇ ਬੇਨਤੀ ਭਰੀ ਪੁਕਾਰ ਦਾ ਆਪਣਾ ਹੀ ਅੰਦਾਜ਼ ਹੈ ਜੋ ਹੋਰ ਕਿਸੇ ਕੋਲ ਨਹੀਂ ਹੈ।

ਉਨ੍ਹਾਂ ਸਾਰੇ ਪਾਠਕਾਂ ਦਾ ਧੰਨਵਾਦ ਜਿਨ੍ਹਾਂ ਨੇ 'ਕਿਸ ਪਹਿ ਖੋਲ੍ਹਉ ਗੰਠੜੀ' ਪੜ੍ਹ ਕੇ ਮੈਨੂੰ ਉਤਸ਼ਾਹਿਤ ਕੀਤਾ। ਪ੍ਰਿੰਸੀਪਲ ਨਰਿੰਦਰ ਸਿੰਘ ਜੀ ਹੋਰਾਂ ਦੀ ਚਿੱਠੀ ਨੇ ਹੋਰ ਵੀ ਸੋਹਣੀਆਂ ਗੱਲਾਂ ਸਿਖਾਈਆਂ। ਸ਼ਾਇਦ ਮੇਰੇ ਵਾਂਗ ਪ੍ਰਿੰਸੀਪਲ ਸਾਹਿਬ ਵੀ ਈਮੋਸ਼ਨਲੀ ਡਿਸਟਰਬ ਹੁੰਦੇ ਹਨ ਸਿੱਖ ਧਰਮ ਵਿਚ ਆਈਆਂ ਕਮਜ਼ੋਰੀਆਂ ਦੇਖ ਕੇ। ਸਾਡੇ ਦਿਮਾਗ ਵਿਚ ਸਿੱਖੀ ਦੀ ਇਕ ਇੰਨੀ ਪਵਿੱਤਰ ਤੇ ਉਚੀ ਤਸਵੀਰ ਬਣੀ ਹੋਈ ਹੈ ਕਿ ਜ਼ਰਾ ਜਿੰਨੀ ਕਮਜ਼ੋਰੀ, ਗਿਰਾਵਟ ਵਲ ਲਿਜਾਂਦੀ ਨਜ਼ਰ ਆਉਂਦੀ ਹੈ। ਗੁਰਮੀਤ ਸਿੰਘ ਜੀ ਨੇ ਪਟਿਆਲਾ ਤੋਂ ਮੈਨੂੰ ਲਿਖਿਆ ਹੈ ਕਿ ਜੇ ਦੋ ਚਾਰ ਮੇਰੇ ਵਾਂਗ ਹੋਰ ਬਾਹਰ ਨਿਕਲ ਆਉਣ ਇਹੋ ਜਿਹੇ ਸੁਨੇਹੇ ਲੈ ਕੇ ਤਾਂ ਸ਼ਾਇਦ ਕੋਈ ਸੁਧਾਰ ਹੋ ਜਾਏ। ਪਤਾ ਨਹੀਂ ਸੁਧਾਰ ਹੋ ਸਕੇਗਾ ਕਿ ਨਹੀਂ ਪਰ ਕੋਸ਼ਿਸ਼ ਤਾਂ ਜਾਰੀ ਰੱਖਣੀ ਚਾਹੀਦੀ ਹੈ। ਹਾਰ ਨਹੀਂ ਮੰਨਣੀ ਚਾਹੀਦੀ। ਇਹ ਮੈਂ ਨਹੀਂ ਲਿਖਦੀ ਇਹ ਤਾਂ ਕਾਦਰ ਕਰਤਾ ਲਿਖਵਾਂਦਾ ਹੈ। ਇਕ ਮਕਸਦ ਲੈ ਕੇ ਅਸੀਂ ਸਾਰੇ ਇਸ ਦੁਨੀਆਂ ਵਿਚ ਆਉਂਦੇ ਹਾਂ। ਮਕਸਦ ਵਾਹਿਗੁਰੂ ਦਾ ਦਿੱਤਾ ਹੁੰਦਾ ਹੈ। ਉਹ ਸਭ ਕਰਵਾ ਰਿਹਾ ਹੈ। ਜੋ ਲਿਖਵਾਂਦਾ ਹੈ ਲਿਖਿਆ ਜਾਂਦਾ ਹੈ। ਪਿੱਛੇ ਜਿਹੇ ਅਸੀਂ ਸਪਤਾਹਿਕ ਪਾਠ ਰੱਖਿਆ ਸੀ। ਪਾਠੀ ਸਿੰਘ ਪਾਠ ਕਰਦੇ ਕਰਦੇ ਰੁਕ ਕੇ ਵਿਚ ਗੱਲਾਂ ਮਾਰ ਲੈਣ ਫਿਰ ਪਾਠ ਸ਼ੁਰੂ ਕਰ ਦੇਣ। ਮੈਨੂੰ ਸਦਮਾ ਪਹੁੰਚਿਆ। ਗੁਰੂ ਗ੍ਰੰਥ ਸਾਹਿਬ ਨੂੰ ਇਕ ਆਰਡੀਨਰੀ ਜਿਹੀ ਕਿਤਾਬ ਸਮਝ ਕੇ ਪੜ੍ਹ ਰਹੇ ਹੋਣ ਜਿਵੇਂ, ਤੇ ਵਿਚੇ ਗੱਲਾਂ ਮਾਰੀ ਜਾ ਰਹੇ ਹੋਣ। ਕੀ ਇਹ ਅਦਬ ਸਤਿਕਾਰ ਰਹਿ ਗਿਆ ਹੈ ਗੁਰੂ ਗ੍ਰੰਥ ਸਾਹਿਬ ਜੀ ਲਈ। ਜੇ ਗ੍ਰੰਥੀ ਜਾਂ ਪਾਠੀ ਇਹ ਕਰਨਗੇ ਤਾਂ ਕੀ ਬਣੇਗਾ? ਮੈਂ ਟੋਕ ਦਿੱਤਾ ਇਕਦਮ ਬੋਲ ਪਈ 'ਪਲੀਜ਼ ਗੁਰੂ ਮਹਾਰਾਜ ਦੀ ਤਾਬਿਆ 'ਤੇ ਗੱਲਾਂ ਨਾ ਮਾਰੋ, ਇਹ ਤਾਂ ਸਰਾਸਰ ਬੇਅਦਬੀ ਹੈ।' ਸ਼ਾਇਦ ਉਨ੍ਹਾਂ ਨੂੰ ਮੈਂ ਬੜੀ ਬੁਰੀ ਲੱਗੀ ਹੋਵਾਂਗੀ ਪਰ ਮੈਂ ਰਹਿ ਨਹੀਂ ਸਕਦੀ ਇੰਨੀ ਬੇਅਦਬੀ ਵੇਖ ਕੇ। ਇਕ ਵੱਡੇ ਅਫ਼ਸਰ ਦੇ ਸਾਹਮਣੇ ਵੀ ਅਸੀਂ ਪੂਰਾ ਅਦਬ ਸਤਿਕਾਰ ਤੇ ਡਿਸਿਪਲਨ ਕਰਦੇ ਹਾਂ ਤੇ ਇਹ ਗੁਰੂ ਮਾਨਿਓ ਗ੍ਰੰਥ-ਸਿਰ ਸਾਹਾਂ ਪਾਤਸ਼ਾਹ ਦੀ ਹਾਜ਼ਰੀ ਵਿਚ - ਕੀ ਇਹ ਗਿਰਾਵਟ ਨਹੀਂ ਹੈ। ਚੁਪਚਾਪ ਇਹ ਦੇਖਣਾ ਤੇ ਸਹਾਰਨਾ ਸ਼ਾਇਦ ਕਾਇਰਤਾ ਹੋਏਗੀ। ਸੋ ਕੋਸ਼ਿਸ਼ ਤਾਂ ਕਰੀਏ। ਜਦੋਂ ਕੋਈ ਗੁਰਦੁਆਰੇ ਵਿਚ ਕੋਈ ਚੰਗਾ ਕਦਮ ਉਠਾਇਆ ਜਾਂਦਾ ਹੈ ਤਾਂ ਸਿਰ ਮਾਣ ਨਾਲ ਉਚਾ ਹੁੰਦਾ ਹੈ। ਲੁਧਿਆਣੇ ਵਿਚ ਖੁੱਡ ਮੁਹੱਲੇ ਲੱਗੀ ਅੱਗ ਤੇ ਫਰੰਟੀਅਰ ਮੇਲ ਵਿਚ ਲੱਗੀ ਅੱਗ ਵਿਚ ਹੋਏ ਸ਼ਿਕਾਰ ਲੋਕਾਂ ਲਈ ਦੁਖ ਨਿਵਾਰਨ ਗੁਰਦੁਆਰੇ ਵਲੋਂ ਕੀਤੀ ਗਈ ਸੇਵਾ ਸਲਾਹੁਣਯੋਗ ਹੈ। ਗੁਰਦੁਆਰੇ ਤੋਂ 15 ਲੱਖ ਰੁਪਏ ਇਨ੍ਹਾਂ ਦੀ ਮਦਦ ਲਈ ਦਿੱਤੇ ਗਏ। ਬਹੁਤ ਅੱਛਾ ਲੱਗਾ ਕੌਮ ਦਾ ਨਾਮ ਉੱਚਾ ਹੋਇਆ। ਪਰ ਜਦੋਂ ਗੁਰਦੁਆਰਿਆਂ ਵਿਚ ਗਲਤ ਕੁਝ ਹੋਏ ਤਾਂ ਸਿਰ ਨੀਵਾਂ ਹੁੰਦਾ ਹੈ। ਆਓ ਰਲ ਕੇ ਕੋਸ਼ਿਸ਼ ਕਰੀਏ ਕਿ ਹਮੇਸ਼ਾ ਸਿਰ ਉਚਾ ਹੀ ਰਹੇ।

*- ਬਬਲੀ ਐਸ ਸਿੰਘ*

*35/1 ਬੀ, ਮਾਡਲ ਗਰਾਮ, ਲੁਧਿਆਣਾ*

♦ ਜੂਨ 2003 ਅੰਕ ਵਿਚ ਭਾਈ ਗੁਰਜੰਤ ਸਿੰਘ ਰਾਹੀ ਵਲੋਂ 'ਭਾਈ ਬਲਦੇਵ ਸਿੰਘ ਤਬਲਾ ਵਾਦਕ, ਯੂ ਕੇ ਵਾਲਿਆਂ ਬਾਰੇ ਜਾਣਕਾਰੀ ਬਹੁਤ ਹੀ ਖੋਜ ਭਰਪੂਰ ਸੀ। ਪ੍ਰੋ. ਕਰਤਾਰ ਸਿੰਘ ਵਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਗੁਰਮਤਿ ਸੰਗੀਤ ਚੇਅਰ ਦੀ ਸਥਾਪਨਾ, ਇਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਮੀਨਾ ਚੋਪੜਾ ਵਲੋਂ 'ਘਰਾਨੇ ਮੇਂ ਸ਼ੈਲੀ ਕਾ ਸਥਾਨ ਔਵ ਮਹੱਤਵ' ਲੇਖ ਬਹੁਤ ਹੀ ਖ਼ੂਬਸੂਰਤ ਅਤੇ ਸੰਗੀਤ ਪ੍ਰੇਮੀਆਂ ਲਈ ਮਾਰਗ ਦਰਸ਼ਨ ਕਰਨ ਵਾਲੇ ਲੇਖ ਸਨ।

*- ਪ੍ਰੋ. ਮੰਗਤ ਸਿੰਘ ਮਸਤਾਨਾ*

*ਮਾਰਫਤ ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀਰਾਮ,*

*ਮਲੋਟ (ਮੁਕਤਸਰ)*

## ਸਨਮਾਨ ਅਤੇ ਫਰਜ਼

ਸੰਗੀਤ ਨਾਟਕ ਅਕਾਦਮੀ ਦੇ ਸਨਮਾਨ ਬਾਰੇ ਅਨੇਕਾਂ ਸਨੇਹੀਆਂ ਵਲੋਂ ਵਧਾਈਆਂ ਪ੍ਰਾਪਤ ਹੋਈਆਂ ਹਨ। ਜਦੋਂ ਮੁੰਬਈ ਵਿਖੇ ਇਨਾਮ ਪ੍ਰਾਪਤ ਕਰਨ ਲਈ ਗਏ ਤਾਂ ਪਤਾ ਲੱਗਾ ਕਿ ਇਸ ਵਾਰ ਉੱਤਰ ਭਾਰਤ ਭਾਵ ਦਿੱਲੀ, ਹਰਿਆਣਾ, ਹਿਮਾਚਲ, ਪੰਜਾਬ ਤੇ ਕਸ਼ਮੀਰ ਦੇ ਇਲਾਕਿਆਂ ਵਿਚੋਂ ਮੈਂ ਇਕੱਲਾ ਹੀ ਇਨਾਮ ਪ੍ਰਾਪਤ ਕਰਨ ਵਾਲਾ ਸਾਂ। ਇਸ ਨਾਲ ਇੰਜ ਜਾਪਿਆ ਕਿ ਇਨਾਮ ਤਾਂ ਪ੍ਰਾਪਤ ਹੋ ਹੀ ਗਿਆ ਹੈ ਪਰ ਜ਼ਿੰਮੇਵਾਰੀ ਹੋਰ ਵਧ ਗਈ ਹੈ। ਗੁਰਬਾਣੀ ਕੀਰਤਨ ਨੂੰ ਹੋਰ ਵਧੇਰੇ ਸ਼ਰਧਾ ਨਾਲ ਅਤੇ ਟਕਸਾਲੀ ਤਰੀਕੇ ਨਾਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਮੁੰਬਈ ਵਿਖੇ ਅਵਾਰਡ ਵੰਡ ਸਮਾਰੋਹ ਹੋਇਆ। ਅਵਾਰਡ ਲੈਣ ਵਾਲਿਆਂ ਵਿਚ ਬਹੁ-ਗਿਣਤੀ ਦੱਖਣ ਅਤੇ ਪੂਰਬੀ ਭਾਰਤ ਦੇ ਇਲਾਕਿਆਂ ਵਿਚੋਂ ਸੀ। ਕੁਝ ਪੁਰਾਣੇ ਨਾਟਕਕਾਰ ਸਨ ਜਿਹੜੇ ਪਾਕਿਸਤਾਨੀ ਪੰਜਾਬ ਦੇ ਜੰਮਪਲ ਸਨ ਪਰ ਉਹ ਆਪਣੇ ਆਪ ਨੂੰ ਪੰਜਾਬੀ ਨਹੀਂ ਸਨ ਦਸ ਰਹੇ।

ਰਾਸ਼ਟਰਪਤੀ ਏ ਪੀ ਜੇ ਕਲਾਮ ਜੀ ਵਲੋਂ ਇਨਾਮ ਦਿੱਤੇ ਗਏ। ਉਨ੍ਹਾਂ ਦਾ ਭਾਸ਼ਣ ਵੀ ਮੌਲਿਕ ਸੀ। ਉਨ੍ਹਾਂ ਆਪਣੇ ਭਾਸ਼ਣ ਵਿਚ ਇਕ ਕਹਾਣੀ ਸੁਣਾਈ।

ਇਕ ਵਾਰ ਉਹ ਕਿਸੇ ਸਮਾਗਮ 'ਤੇ ਜਾ ਰਹੇ ਸਨ ਤਾਂ ਉਨ੍ਹਾਂ ਦੇ ਸਤਿਕਾਰ ਵਿਚ ਲੋਕਾਂ ਨੇ ਰਾਹ ਵਿਚ ਫੁੱਲ ਵਿਛਾਏ ਹੋਏ ਸਨ। ਰਾਸ਼ਟਰਪਤੀ ਦਾ ਮਨ ਉਨ੍ਹਾਂ ਫੁੱਲਾਂ ਨੂੰ ਪੈਰਾਂ ਹੇਠ ਦੱਬਣ ਦਾ ਨਾ ਬਣਿਆ। ਉਨ੍ਹਾਂ ਨੇ ਆਪਣਾ ਰਸਤਾ ਬਦਲ ਲਿਆ।

ਉਨ੍ਹਾਂ ਨੂੰ ਜਾਪਿਆ ਕਿ ਜਿਵੇਂ ਦੋ ਫੁੱਲ ਆਪਸ ਵਿਚ ਗੱਲਾਂ ਕਰ ਰਹੇ ਹਨ। ਛੋਟਾ ਫੁੱਲ ਵੱਡੇ ਫੁੱਲ ਨੂੰ ਕਹਿੰਦਾ ਹੈ- 'ਆਪਾਂ ਕਿਉਂ ਖਿੜਦੇ ਹਾਂ? ਜਦੋਂ ਅਸੀਂ ਖਿੜਦੇ ਹਾਂ ਤਾਂ ਸਾਨੂੰ ਤੋੜ ਲਿਆ ਜਾਂਦਾ ਹੈ। ਕੋਈ ਸਾਡੇ ਪਿੰਡੇ ਨੂੰ ਵਿੰਨ੍ਹ ਕੇ ਹਾਰ ਬਣਾਉਂਦਾ ਹੈ, ਕੋਈ ਸਾਨੂੰ ਤੋੜ ਕੇ ਰਾਹਾਂ 'ਤੇ ਵਿਛਾ ਦਿੰਦਾ ਹੈ ਤੇ ਲੋਕ ਸਾਨੂੰ ਪੈਰਾਂ ਹੇਠ ਮਧੋਲ ਦਿੰਦੇ ਹਨ। ਜੇ ਅਸੀਂ ਨਾ ਖਿੜਿਆ ਕਰੀਏ ਤਾਂ ਸਾਡੀ ਇਹ ਹਾਲਤ ਨਹੀਂ ਹੋਣ ਲੱਗੀ।'

ਵੱਡਾ ਫੁੱਲ ਛੋਟੇ ਫੁੱਲ ਨੂੰ ਕਹਿੰਦਾ ਹੈ- 'ਤੂੰ ਕਦੀ ਬਗੀਚਿਆਂ ਵਿਚ ਵੇਖਿਆ ਹੈ। ਜੰਗਲ ਵਿਚ ਵੇਖਿਆ ਹੈ। ਸਾਰੀ ਬਨਸਪਤੀ ਖਿੜੀ ਹੋਈ ਹੈ। ਹਿਰਨ ਨਰਿਤ ਕਰ ਰਹੇ ਹਨ, ਪੰਛੀ ਚਹਿ ਚਿਹਾ ਰਹੇ ਹਨ ਤੇ ਮੋਰ ਨਚ ਰਹੇ ਹਨ। ਪਤਾ ਹੈ ਕਿਉਂ? ਇਹ ਜਿਹੜਾ ਆਦਮੀ ਹੈ ਇਹ ਇਸ ਧਰਤੀ ਦਾ ਸਰਦਾਰ ਹੈ। ਇਹਦਾ ਮਨ ਬੜਾ ਚੰਚਲ ਹੈ। ਇਸ ਦੇ ਮਨ ਨੂੰ ਕੋਮਲ ਰੱਖਣ ਲਈ ਇਹ ਸਾਰਾ ਕੁਝ ਹੁੰਦਾ ਹੈ। ਜੇ ਅਸੀਂ ਖਿੜੀਏ ਨਾ, ਜੇ ਹਿਰਨ ਚੁੰਗੀਆਂ ਨਾ ਭਰਨ, ਮੋਰ ਨਾਚ ਨਾ ਕਰਨ, ਪੰਛੀ ਆਪਣਾ ਸੰਗੀਤ ਨਾ ਸੁਣਾਉਣ ਤਾਂ ਇਹ ਆਦਮੀ ਕਠੋਰ ਹੋ ਜਾਵੇਗਾ। ਕਠੋਰ ਹੋਇਆ ਆਦਮੀ ਜ਼ਾਲਮ ਬਣ ਜਾਂਦਾ ਹੈ ਤੇ ਇਹ ਤਬਾਹੀ ਦੇ ਰਸਤੇ ਤੁਰ ਪੈਂਦਾ ਹੈ। ਇਸ ਲਈ ਇਸ ਨੂੰ ਕੋਮਲ ਚਿਤ ਰੱਖਣਾ ਜ਼ਰੂਰੀ ਹੈ। ਇਸ ਕਰਕੇ ਅਸੀਂ ਖਿੜੀ ਜਾਣਾ ਹੈ।

ਇਹ ਕਹਾਣੀ ਖਤਮ ਕਰਕੇ ਰਾਸ਼ਟਰਪਤੀ ਜੀ ਨੇ ਸਾਰੇ ਕਲਾਕਾਰਾਂ ਵੱਲ ਇਸ਼ਾਰਾ ਕਰਕੇ ਕਿਹਾ ਕਿ ਤੁਸੀਂ ਸਮਾਜ ਦੇ ਫੁੱਲ ਹੋ, ਪੰਛੀ ਹੋ, ਹਿਰਨ ਹੋ। ਤੁਸੀਂ ਤਾਂ ਸਾਨੂੰ ਕੋਮਲ ਚਿਤ ਰੱਖਣ ਲਈ ਯਤਨ ਕਰਨਾ ਹੈ। ਇਹ ਇਨਾਮ ਭਾਵੇਂ ਮਿਲਣ ਭਾਵੇਂ ਨਾ ਮਿਲਣ। ਜਿਹੜੇ ਖਿੜ ਸਕਦੇ ਹਨ ਉਨ੍ਹਾਂ ਨੂੰ ਨਿਰਸਵਾਰਥ ਖਿੜਨਾ ਚਾਹੀਦਾ ਹੈ। ਜਿਹੜੇ ਗਾ ਸਕਦੇ ਹਨ ਉਨ੍ਹਾਂ ਨੂੰ ਨਿਰਸਵਾਰਥ ਗਾਉਣਾ ਚਾਹੀਦਾ ਹੈ।

ਰਾਸ਼ਟਰਪਤੀ ਜੀ ਦੀਆਂ ਗੱਲਾਂ ਸੁਣ ਕੇ ਅਵਾਰਡ ਦੀ ਖੁਸ਼ੀ ਦੇ ਨਾਲ ਨਾਲ ਵਡੇਰੇ ਫਰਜ਼ ਦੀ ਭਾਵਨਾ ਵੀ ਵਧ ਗਈ। ਪਰ ਇਹ ਫਰਜ਼ ਨਿਭਾਉਣ ਲਈ ਜਿੱਥੇ ਕਲਾਕਾਰ ਦਾ ਪਰਿਵਾਰ ਸਹਾਇਤਾ ਕਰਦਾ ਹੈ ਉੱਥੇ ਉਸ ਨੂੰ ਸਮਾਜ ਤੋਂ ਵੀ ਸਹਿਯੋਗ ਦੀ ਆਸ ਰਹਿੰਦੀ ਹੈ।

# ਕੀਰਤਨ ਚਉਂਕੀਆਂ

**ਪ੍ਰੋ. ਕਰਤਾਰ ਸਿੰਘ**
ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ ਅਨੰਦਪੁਰ ਸਾਹਿਬ

ਚਉਂਕੀ ਤੋਂ ਭਾਵ ਚਾਰ ਰਾਗੀਆਂ ਦੀ ਮੰਡਲੀ ਤੋਂ ਹੀ ਲਿਆ ਗਿਆ ਹੈ ਕਿਉਂ ਜੋ ਪਹਿਲਾਂ ਸ਼ਬਦ ਚਉਂਕੀ ਕਰਨ ਵਾਲੇ ਕੀਰਤਨੀ ਜੱਥੇ ਦੇ ਮੈਂਬਰਾਂ ਦੀ ਗਿਣਤੀ ਚਾਰ ਹੀ ਹੁੰਦੀ ਸੀ। ਜੱਥੇ ਦਾ ਮੁਖੀ ਤੇ ਦੋ ਸਹਾਇਕ ਦਿਲਰੁਬਾ, ਸਰੰਦਾ ਤੇ ਤਾਊਸ ਨਾਲ ਕੀਰਤਨ ਕਰਦੇ ਤੇ ਚੌਥਾ ਤਬਲਾ (ਜੋੜੀ) ਵਜਾਉਂਦਾ ਤੇ ਇਸ ਤਰ੍ਹਾਂ ਇਹ ਸ਼ਬਦ ਚਉਂਕੀ ਤੰਤੀ ਸ਼ਾਜਾਂ ਦੁਆਰਾ ਹੀ ਹੁੰਦੀ। ਅੱਜ ਕੀਰਤਨ ਦਾ ਮੁੱਖ ਸਾਜ ਹਾਰਮੋਨੀਅਮ ਹੀ ਬਣ ਗਿਆ ਹੈ ਤੇ ਕੀਰਤਨੀ ਜੱਥੇ ਦੇ ਮੈਂਬਰਾਂ ਦੀ ਗਿਣਤੀ ਵੀ ਤਿੰਨ ਹੀ ਹੈ। ਇੱਕ ਮੁਖੀ, ਇੱਕ ਸਹਾਇਕ ਤੇ ਇੱਕ ਤਬਲੇ ਤੇ ਸੰਗਤ ਕਰਦਾ ਹੈ। ਅੱਜ ਵੀ ਕੁਝ ਕੁ ਰਾਗੀ ਜੱਥਿਆਂ ਵਿੱਚ ਚੌਥਾ ਸਿੰਘ ਤੰਤੀ ਸਾਜ਼ ਨਾਲ ਕੀਰਤਨ ਨਾਲ ਸੰਗਤ ਕਰਦਾ ਹੈ।

ਕਈ ਵਿਦਵਾਨ ਕੀਰਤਨ ਚਉਂਕੀ ਦੇ ਚਾਰ ਚਰਨ ਮੰਨਦੇ ਹਨ। ਪਹਿਲੇ ਚਰਨ ਵਿੱਚ ਕੀਰਤਨੀ ਜੱਥਾ ਜਿਸ ਰਾਗ ਵਿਚ ਕੀਰਤਨ ਅਰੰਭ ਕਰਨਾ ਹੈ ਉਸ ਰਾਗ ਦਾ ਪੰਜ ਸੱਤ ਮਿੰਟ ਲਹਿਰਾ ਰੱਖਣਾ ਹੈ। ਜਿਸ ਨਾਲ ਤਬਲੇ ਵਾਲਾ ਤਬਲੇ ਤੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦਾ ਹੈ। ਦੂਜਾ ਚਰਨ ਮੰਗਲਾਚਰਨ ਹੈ ਇਸ ਵਿੱਚ ਜਥੇ ਦੇ ਮੁਖੀ ਤੇ ਫਿਰ ਦੂਜੇ ਮੈਂਬਰਾਂ ਦੇ ਵਾਰੀ ਵਾਰੀ ਖਿਆਲ ਅੰਗ ਵਾਂਗ ਵਿਲੰਬਿਤ ਲੈਅ ਵਿੱਚ ਬਿਨਤੀ ਦੇ ਇੱਕ ਦੋ ਸਲੋਕਾਂ ਵਿੱਚ ਗਾਇਣ ਕਰਨਾ ਹੈ। ਤੀਜੇ ਚਰਨ ਵਿੱਚ ਪਹਿਲਾਂ ਵਿਲੰਬਿਤ ਲੈਅ ਵਿੱਚ ਬੰਦਸ਼ਾਂ ਧਰੁਪਦ ਅੰਗ ਜਾਂ ਖਿਆਲ ਅੰਗ ਵਿਚ ਫਿਰ ਮੱਧ ਲੈਅ ਵਿਚ ਸ਼ਬਦ ਬੰਦਸ਼ਾਂ ਦਾ ਗਾਇਣ ਫਿਰ ਅੰਤ ਵਿੱਚ ਕਹਿਰਵਾ/ਦਾਦਰਾ ਆਦਿ ਸੌਖੇ ਤਾਲਾਂ ਵਿਚ ਸ਼ਬਦਾਂ ਦੇ ਗਾਇਨ ਕਰਕੇ ਚਉਂਕੀ ਦਾ ਚੌਥੇ ਚਰਨ ਵਿੱਚ ਪਉੜੀ ਲਗਾ ਕੇ ਕੀਰਤਨ ਦੀ ਸਮਾਪਤੀ ਕਰਨੀ ਹੈ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਗੁਰੂ ਅਰਜਨ ਦੇਵ ਜੀ ਨੇ ਚਾਰ ਚਉਂਕੀਆਂ ਦੀ ਮਰਿਆਦਾ ਨੂੰ ਸਥਾਪਤ ਕੀਤਾ:-

1. ਅੰਮ੍ਰਿਤ ਵੇਲੇ ਆਸਾ ਦੀ ਵਾਰ ਦੀ ਚਉਂਕੀ।
2. ਸਵਾ ਪਹਿਰ ਦਿਨ ਚੜ੍ਹੇ ਬਿਲਾਵਲ ਦੀ ਚਉਂਕੀ।
3. ਰਹਿਰਾਸ ਤੋਂ ਪਹਿਲਾ ਸੋਦਰ ਦੀ ਚਉਂਕੀ।
4. ਕਲਿਆਨ ਦੀ ਚਉਂਕੀ, ਜਿਸ ਵਿਚ ਕਲਿਆਨ ਤੇ ਕਾਨੜਾ ਰਾਗਾਂ ਵਿਚ ਸ਼ਬਦਾਂ ਦਾ ਗਾਇਣ ਆਰੰਭ ਹੁੰਦਾ ਹੈ।

੧੯੦੭-੦੮ ਵਿਚ ਖਾਲਸਾ ਟ੍ਰੈਕਟ ਸੁਸਾਇਟੀ ਵਲੋਂ ਛਪੇ ਗੁਰਮਤਿ ਸੰਗੀਤ ਸਿਰਲੇਖ ਹੇਠ ਪੰਜ ਚਉਂਕੀਆਂ ਦਾ ਜ਼ਿਕਰ ਆਉਂਦਾ ਹੈ, ਉਹ ਇਸ ਪ੍ਰਕਾਰ ਹਨ:-

1. ਪਿਛਲੀ ਰਾਤ, ਪਹਿਰ ਰਾਤ ਰਹਿੰਦਿਆਂ ਆਸਾ ਦੀ ਵਾਰ ਦੀ ਚਉਂਕੀ।
2. ਅਨੰਦ ਦੀ ਚਉਂਕੀ, ਜੋ ੧੧ ਤੋਂ ੧੨ ਦੇ ਵਿਚਕਾਰ ਹੁੰਦੀ ਹੈ।
3. ਡੇਢ ਤੋਂ ਤਿੰਨ ਤਕ ਚਰਨ ਕਮਲ ਦੀ ਚਉਂਕੀ।
4. ਸੰਧ ਨੂੰ ਸੋਦਰ ਦੀ ਚਉਂਕੀ।
5. ਸਵਾ ਪਹਿਰ ਰਾਤ ਗਈ ਕੀਰਤਨ ਸੋਹਲੇ ਦੀ ਚਉਂਕੀ।

ਸ੍ਰੀ ਦਰਬਾਰ ਸਾਹਿਬ ਵਿਖੇ ਕੇਵਲ ਇਨਾਂ ਪੰਜ ਚਉਂਕੀਆਂ ਦੀ ਸਮਾਪਤੀ ਤੇ ਪੰਜੇ ਵੇਲੇ ਖੜੇ ਹੋ ਕੇ ਅਰਦਾਸ ਹੁੰਦੀ ਹੈ। ਵੈਸੇ ਦਰਬਾਰ ਸਾਹਿਬ ਦੇ ਨਿਤ ਦੇ ਨਿਯਮ ਵਿਚ ੧੫ ਕੀਰਤਨ ਚਉਂਕੀਆਂ ਹੁੰਦੀਆਂ ਹਨ। ਪਾਕਿਸਤਾਨ ਬਨਣ ਤੋਂ ਪਹਿਲਾਂ ੮ ਰਾਗੀਆਂ ਦੀਆਂ ਤੇ ੭ ਚਉਂਕੀਆਂ ਰਬਾਬੀਆਂ ਦੀਆਂ ਸਨ ਪਰ ਰਬਾਬੀਆਂ ਦੇ ਜਾਣ ਤੋਂ ਬਾਦ ਹੁਣ ੧੫ ਹੀ ਕੀਰਤਨ ਚਉਂਕੀਆਂ ਰਾਗੀਆਂ ਦੀਆਂ ਹਨ। ਆਸਾ ਦੀ ਵਾਰ ਦਾ ਇਕ ਹੀ

ਜੱਥਾ ਕੀਰਤਨ ਕਰਦਾ ਹੈ ਤੇ ਬਾਕੀ ਹਰ ਜੱਥਾ ਦੋ ਵਾਰੀ ਕੀਰਤਨ ਕਰਦਾ ਹੈ। ਸਰਦੀਆਂ ਵਿੱਚ ਕੀਰਤਨ ਤਕਰੀਬਨ ੧੯ ਘੰਟੇ ਤੇ ਗਰਮੀਆਂ ਵਿੱਚ ਤਕਰੀਬਨ ੨੦ ਘੰਟੇ ਕੀਰਤਨ ਦਾ ਪ੍ਰਵਾਹ ਲਗਾਤਾਰ ਸ੍ਰੀ ਦਰਬਾਰ ਸਾਹਿਬ ਵਿਚ ਚਲਦਾ ਰਹਿੰਦਾ ਹੈ।

ਹਰ ਕੀਰਤਨ ਚਉਂਕੀ ਦੀ ਸਮਾਪਤੀ ਤੇ ਪਉੜੀ ਲਗਾਈ ਜਾਂਦੀ ਹੈ ਜ਼ਿਆਦਾ ਕਰਕੇ "ਵਡੀ ਹੂ ਵਡ ਅਪਾਰੁ ਤੇਰਾ ਮਰਤਬਾ" "ਸੰਤ ਜਨਾ ਮਿਲਿ ਹਰ ਜਸੁ ਗਾਇਓ" "ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ", ਤੇ ਹੋਰ ਕੋਈ ਪਉੜੀ ਵੀ ਲਗਾਈ ਜਾ ਸਕਦੀ ਹੈ। ਮਾਘ ਤੇ ਫੱਗਣ ਦੇ ਦੋ ਮਹੀਨੇ ਹਰ ਕੀਰਤਨੀ ਜੱਥੇ ਨੇ ਸ਼ਬਦ ਚਉਂਕੀ ਦਾ ਆਰੰਭ ਬਸੰਤ ਰਾਗੁ ਵਿੱਚ ਕਰਨਾ ਹੁੰਦਾ ਹੈ ਤੇ ਆਪਣੀ ਚਉਂਕੀ ਵਿੱਚ ਬਸੰਤ ਦੀ ਵਾਰ ਦੀਆਂ ਤਿੰਨੇ ਹੀ ਪਉੜੀਆਂ ਲਗਾਣੀਆਂ ਹੁੰਦੀਆਂ ਹਨ।

**੧੫ ਕੀਰਤਨ ਚਉਂਕੀਆਂ ਦਾ ਵੇਰਵਾ:-**

1. **ਤਿੰਨ ਪਹਿਰੇ ਦੀ ਚਉਂਕੀ** : ਸਰਦੀਆਂ ਵਿੱਚ 2-45 ਤੋਂ 3-50 ਵਜੇ ਤਕ ਕਿਵਾੜ (ਦਰਵਾਜ਼ੇ) ਖੁਲ੍ਹਦੇ ਹਨ ਤੇ ਇਹ ਪਹਿਲੀ ਕੀਰਤਨ ਚਉਂਕੀ ਦਾ ਆਰੰਭ ਹੁੰਦਾ ਹੈ। ਅੰਤ ਵਿਚ 'ਸੰਤ ਜਨਾ ਮਿਲਿ ਹਰ ਜਸੁ ਗਾਇਓ' ਦੀ ਪਉੜੀ ਲਗਾਈ ਜਾਂਦੀ ਹੈ।

2. **ਆਸਾ ਦੀ ਵਾਰ** : 3-50 ਤੋਂ 7-15 ਤੱਕ ਇਸ ਕੀਰਤਨ ਦਾ ਅਜਕੱਲ ਰੇਡੀਓ ਤੋਂ ਸਿੱਧਾ ਪ੍ਰਸਾਰਣ 4 ਵਜੇ ਤੋਂ 6 ਵਜੇ ਤੱਕ ਹੁੰਦਾ ਹੈ।

3. **ਬਿਲਾਵਲੁ ਦੀ ਚਉਂਕੀਆਂ** : 7-15 ਤੋਂ 8-10 ਤੱਕ ਜ਼ਿਆਦਾ ਕਰਕੇ ਬਿਲਾਵਲੁ ਰਾਗੁ ਵਿੱਚ ਹੀ ਕੀਰਤਨ ਆਰੰਭ ਕੀਤਾ ਜਾਂਦਾ ਹੈ।

4. **ਬਿਲਾਵਲੁ ਦੀ ਚਉਂਕੀਆਂ** : 8-10 ਤੋਂ 9-00 ਤੱਕ ਇਸ ਸਮੇਂ ਵਿੱਚ ਸਮੇਂ ਦੇ ਰਾਗਾਂ ਵਿੱਚ ਹੀ ਸ਼ਬਦ ਚਉਂਕੀ ਆਰੰਭ ਹੁੰਦੀ ਹੈ।

5. **ਬਿਲਾਵਲੁ ਦੀ ਚਉਂਕੀਆਂ** : 9-00 ਤੋਂ 10-00 ਤੱਕ ਸਮੇਂ ਦੇ ਰਾਗਾਂ ਤੋਂ ਕੀਰਤਨ ਆਰੰਭ ਹੁੰਦਾ ਹੈ।

6. **ਬਿਲਾਵਲੁ ਦੀ ਚਉਂਕੀਆਂ** : 10-00 ਤੋਂ 11-00 ਤੱਕ ਸਮੇਂ ਦੇ ਰਾਗਾਂ ਤੋਂ ਆਰੰਭਤਾ।

7. **ਬਿਲਾਵਲੁ ਦੀ ਚਉਂਕੀ** : 11-00 ਤੋਂ 12-00 ਤੱਕ ਕੀਰਤਨ, ਪਉੜੀ ਵਡੀ ਹੂ ਵਡਾ ਅਪਾਰ (ਆਨੰਦ ਦੀ ਚਉਂਕੀ) ਸਮਾਪਤ ਤੇਰਾ ਮਰਤਬਾ, ਆਨੰਦ ਸਾਹਿਬ ਤੇ ਅਰਦਾਸ।

8. **ਚਰਨ ਕਮਲ ਦੀ ਚਉਂਕੀ ਅਰੰਭ** : 12-00 ਤੋਂ 1-15 ਤੱਕ ਰਾਗੁ ਸਾਰਗ ਵਿਚ ਕੀਰਤਨ ਦੀ ਆਰੰਭਤਾ।

9. 1-15 ਤੋਂ 2-20 ਤੱਕ ਸਾਰੰਗ ਜਾਂ ਹੋਰ ਸਮੇਂ ਦਾ ਰਾਗੁ ਤੋਂ ਕੀਰਤਨ ਦੀ ਆਰੰਭਤਾ।

10. **ਚਰਣ ਕਮਲ ਦੀ ਚਉਂਕੀ ਸਮਾਪਤ** : 2-20 ਤੋਂ 2-50 ਤੱਕ ਧਨਾਸਰੀ ਜਾਂ ਹੋਰ ਸਮੇਂ ਅਨੁਸਾਰ ਰਾਗੁ ਤੋਂ ਕੀਰਤਨ ਦਾ ਆਰੰਭ ਫਿਰ ਅੰਤ ਵਿੱਚ 'ਚਰਨ ਕਮਲ ਪ੍ਰਭ ਕੇ ਨਿਤ ਧਿਆਵਉ' ਸ਼ਬਦ ਦਾ ਗਾਇਣ, ਫਿਰ ਆਰਤੀ ਦਾ ਕੇਵਲ ਪਹਿਲਾ ਸ਼ਬਦ 'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ' ਦਾ ਗਾਇਣ ਤੇ ਆਨੰਦ ਸਾਹਿਬ (6 ਪਉੜੀਆਂ) ਤੇ ਚਰਨ ਕਮਲ ਚਉਂਕੀ ਦੀ ਸਮਾਪਤੀ ਦੀ ਅਰਦਾਸ ਹੁੰਦੀ ਹੈ। ਇਹੀ ਜੱਥਾ ਫਿਰ ਕੀਰਤਨ 3-20 ਤੱਕ ਕਰਦਾ ਹੈ।

11. 3-20 ਤੋਂ 4-20 ਤੱਕ ਸਮੇਂ ਅਨੁਸਾਰ ਰਾਗੁ ਵਿੱਚ ਕੀਰਤਨ ਦਾ ਆਰੰਭ।

12. **ਸੋਦਰ ਦੀ ਚਉਕੀ:** 4-20 ਤੋਂ 5-50 ਤੱਕ ਸਮੇਂ ਮੁਤਾਬਿਕ ਰਾਗੁ ਵਿੱਚ ਕੀਰਤਨ ਦਾ ਆਰੰਭ 4-30 ਤੋਂ 5-30 ਤੱਕ ਇਸ ਕੀਰਤਨ ਦਾ ਵੀ ਅੱਜਕਲ ਰੇਡੀਓ ਤੋਂ ਸਿੱਧਾ ਪ੍ਰਸਾਰਣ ਹੁੰਦਾ ਹੈ। ਆਖਰ ਵਿੱਚ ਆਸਾ ਰਾਗੁ ਵਿੱਚ ਇੱਕ ਸ਼ਬਦ ਦਾ ਗਾਇਣ, ਫਿਰ ਸੋਦਰ ਦੀ ਪਉੜੀ, ਪਾਠ ਰਹਿਰਾਸ ਤੇ ਅਰਦਾਸ ਤੇ ਹੁਕਮਨਾਮਾ।

13. 6-20 ਤੋਂ 7-25 ਤੱਕ ਆਰਤੀ, ਰਾਗੀ ਸਿੰਘ ਸਾਜ਼ ਵਜਾਂਦੇ ਹਨ ਤੇ ਆਰਤੀ ਦੇ ਸ਼ਬਦ ਗਾਇਣ ਕਰਨ ਦੀ ਸੇਵਾ ਕਰੀਬਨ ਪੰਜ ਦਹਾਕਿਆਂ ਤੋਂ ਭਾਈ ਪ੍ਰੇਮ ਸਿੰਘ ਕਿਤਾਬਾਂ ਵਾਲਿਆਂ ਵਲੋਂ ਚਲੀਆਂ ਆ ਰਹੀ ਹੈ। ਆਰਤੀ ਤੋਂ ਪਿੱਛੋਂ ਕੇਵਲ ਅਰਦਾਸੀਏ ਸਿੰਘ ਵੱਲੋਂ ਸੰਖੇਪ ਆਰਤੀ ਦੀ ਅਰਦਾਸ ਤੇ ਫਿਰ ਕੀਰਤਨ ਆਰੰਭ ਹੋ ਜਾਂਦਾ ਹੈ।

**14. ਕਲਿਆਨ ਦੀ ਚਉਂਕੀ :** 7-25 ਤੋਂ 8-25 ਤੱਕ ਰਾਗੁ ਕਲਿਆਣੁ ਜਾਂ ਕਿਸੇ ਹੋਰ ਸਮੇਂ ਦੇ ਰਾਗੁ ਤੋਂ ਕੀਰਤਨ ਆਰੰਭ।

**15. ਸਮਾਪਤੀ ਦੀ ਚਉਂਕੀ :** 8-25 ਤੋਂ 9-30 ਤੱਕ ਰਾਗੁ ਕਾਨੜਾ ਜਾਂ ਹੋਰ ਸਮੇਂ ਦੇ ਰਾਗੁ ਤੋਂ ਕੀਰਤਨ ਆਰੰਭ ਤਕਰੀਬਨ ਅੱਧਾ ਪੌਣਾ ਘੰਟਾ ਬਾਦ ਫ਼ਿਰ ਹੁਕਮਨਾਮਾ, ਸੋਹਲਾ ਸਾਹਿਬ ਦਾ ਪਾਠ, ਫ਼ਿਰ ਰਾਗੀ ਜੱਥਾ ਪਉੜੀ 'ਤੂ ਆਪੇ ਹੀ ਸਿਧ ਸਾਧਿਕੋ' ਲਗਾ ਕੇ ਸਲੋਕ ਪਉਣ ਗੁਰੂ ਪੜ ਕੇ ਸਮਾਪਤੀ ਕਰਦੇ ਹਨ। ਉਪਰੰਤ ਸਮਾਪਤੀ ਦੀ ਅਰਦਾਸ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਪਾਲਕੀ ਤੇ ਸੰਗਤਾਂ ਪ੍ਰੇਮ ਉਤਸ਼ਾਹ ਨਾਲ ਸੁਖ ਆਸਨ ਕਰਨ ਲਈ ਕੋਠਾ ਸਾਹਿਬ ਅਕਾਲ ਤਖ਼ਤ ਲੈ ਜਾਂਦੀਆਂ ਹਨ।

**ਆਸਾ ਦੀ ਵਾਰ ਦੀ ਚਉਂਕੀ :**

ਪਿਛਲੀ ਰਾਤ, ਪਹਿਰ ਰਾਤ ਰਹਿੰਦਿਆਂ ਆਸਾ ਦੀ ਵਾਰ ਦੀ ਚਉਂਕੀ ਦਾ ਸਮਾ ਮੰਨਿਆ ਗਿਆ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਦਾ ਆਰੰਭ ਤਾਂ ਤਿੰਨ ਪਹਿਰੇ ਦੀ ਚਉਂਕੀ ਤੋਂ ਹੁੰਦਾ ਤੇ ਆਸਾ ਦੀ ਵਾਰ ਦੀ ਦੂਜੀ ਚਉਂਕੀ ਹੁੰਦੀ ਹੈ। ਭਾਵੇਂ ਆਸਾ ਦੀ ਵਾਰ ਨੂੰ ਗਾ ਕੇ ਪੜਨ ਦਾ ਮੁੱਢ ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਤੋਂ ਬੰਨਿਆ ਪਰ ਗੁਰੂ ਅਰਜਨ ਦੇਵ ਜੀ ਨੇ ਆਸਾ ਦੀ ਵਾਰ ਵਿੱਚ 24 ਛੰਤ (ਛਕੇ) ਤੇ 24 ਪਉੜੀਆਂ ਜੋੜਨ ਦੀ ਮਰਿਯਾਦਾ ਨੂੰ ਕਾਇਮ ਕੀਤਾ। ਉਸ ਸਮੇਂ ਤੋਂ ਹੀ ਆਸਾ ਦੀ ਵਾਰ ਦਾ ਕੀਰਤਨ ਨਿੱਤ ਅੰਮ੍ਰਿਤ ਵੇਲੇ ਕਰਨ ਦੀ ਮਰਯਾਦਾ ਚਲੀ ਆ ਰਹੀ ਹੈ। ਇਹ ਕੀਰਤਨ ਜ਼ਿਆਦਾ ਕਰਕੇ ਆਸਾ ਰਾਗ ਵਿੱਚ ਤੇ ਸਵੇਰ ਦੇ ਰਾਗਾਂ ਵਿੱਚ ਹੀ ਹੁੰਦਾ ਹੈ। ਪਹਿਲਾਂ ਛੰਤ ਦੀ ਬੰਦਿਸ਼ ਨੂੰ ਕਿਸੇ ਵੀ ਤਾਲ ਜਿਵੇਂ ਏਕ ਤਾਲ, ਦਾਦਰਾ, ਕਹਿਰਵਾ, ਦੀਪਚੰਦੀ, ਛੋਟਾ ਤੀਨਤਾਲ (ਪੰਜਾਬੀ ਠੇਕਾ) ਆਦਿ ਤਾਲ ਵਿੱਚ ਸਾਰਾ ਜੱਥਾ ਮਿਲਕੇ ਗਾਇਣ ਕਰਦਾ ਹੈ। ਫਿਰ ਸਲੋਕ ਦਾ ਗਾਇਣ ਅਲਾਪ ਰੂਪ ਵਿੱਚ ਜੱਥੇ ਦੇ ਮੈਂਬਰ ਵਾਰੀ ਵਾਰੀ ਕਰਦੇ ਹਨ ਤੇ ਫ਼ਿਰ ਪਉੜੀ ਵੀ ਸਾਰੇ ਮਿਲ ਕੇ ਗਾਇਨ ਕਰਦੇ ਹਨ। ਪਉੜੀ ਨਾਲ ਪੁਰਾਤਨ ਚਲਿਆ ਆ ਰਿਹਾ ਚਾਰ ਮਾਤਰਾਂ· ਖੁਲ੍ਹੇ ਬੋਲਾਂ ਦਾ ਠੇਕਾ 'ਗੇ ਤਿਟ ਤਾ ਗੇਤਾ' ਨੂੰ ਵੱਖ ਵੱਖ ਢੰਗਾਂ ਨਾਲ ਵਜਾਇਆ ਜਾਂਦਾ ਹੈ ਤੇ ਪਉੜੀ ਗਾਇਣ ਦਾ ਢੰਗ ਵੀ ਬਦਲਦਾ ਰਹਿੰਦਾ ਹੈ। ਉਪਰੰਤ ਉਸੇ ਹੀ ਪਉੜੀ ਦਾ ਪਾਠ ਸਰਲ ਰੂਪ ਵਿੱਚ ਜੱਥੇ ਦਾ ਇੱਕ ਸਿੰਘ ਕਰਦਾ ਹੈ। ਸ਼ਬਦਾਂ ਦਾ ਗਾਇਣ ਪਉੜੀ ਦੀ ਸਮਾਪਤੀ ਤੋਂ ਬਾਦ ਕੀਤਾ ਜਾਂਦਾ ਹੈ। ਹਰ ਪਉੜੀ ਤੋਂ ਬਾਦ ਜਾਂ ਦੋ, ਤਿੰਨ ਜਾਂ ਚਾਰ ਪਉੜੀਆਂ ਤੋਂ ਬਾਅਦ ਸਮੇਂ ਨੂੰ ਮੁੱਖ ਰੱਖਦਿਆਂ ਹੋਇਆਂ ਕੀਰਤਨੀ ਜੱਥਾ ਸ਼ਬਦ ਗਾਇਨ ਕਰਦਾ ਹੈ। ਸ਼ਬਦਾਂ ਦੀ ਚੋਣ ਲਈ ਕੋਈ ਪੱਕਾ ਨਿਯਮ ਤਾਂ ਨਹੀਂ ਪਰ ਆਮ ਤੌਰ ਤੇ ਨਿਮਰਤਾ, ਪ੍ਰਭੂ ਉਸਤਤੀ, ਨਾਮ ਦੀ ਮਹਿਮਾ, ਅੰਮ੍ਰਿਤ ਵੇਲਾ ਆਦਿ ਪ੍ਰਕਰਣਾਂ ਨੂੰ ਹੀ ਮੁੱਖ ਰੱਖ ਕੇ ਗਾਏ ਜਾਂਦੇ ਹਨ। ਕਈ ਸੂਝਵਾਨ ਕੀਰਤਨੀਏ ਜਿਹੜੇ ਛੰਤ ਦਾ ਗਾਇਣ ਹੋਣਾ ਹੈ ਉਸਦੇ ਅੰਤਰੀਵ ਭਾਵ ਨੂੰ ਹੀ ਮੁੱਖ ਰੱਖ ਕੇ ਹੀ ਸ਼ਬਦ ਦੀ ਚੋਣ ਕਰਦੇ ਹਨ। ਆਸਾ ਦੀ ਵਾਰ ਦਾ ਆਖਰੀ ਛੰਤ ਸਲੋਕ, ਪਉੜੀ ਵੀ ਰਾਗੁ ਆਸਾ ਵਿੱਚ ਹੀ ਲਗਾਏ ਜਾਣ ਦੀ ਮਰਯਾਦਾ ਹੈ। ਪਹਿਲਾਂ ਤੇ ਆਖਰੀ ਛੰਤ ਵੀ ਏਕ ਤਾਲ ਦੀ ਪ੍ਰਚੱਲਿਤ ਬੰਦਸ਼ ਵਿੱਚ ਹੀ ਗਾਇਣ ਕੀਤਾ ਜਾਂਦਾ ਹੈ।

ਸ੍ਰੀ ਦਰਬਾਰ ਸਾਹਿਬ ਵਿਚ ਪ੍ਰਚੱਲਿਤ ਮਰਯਾਦਾ ਅਨੁਸਾਰ ਸਰਦੀਆਂ ਵਿੱਚ 3-50 ਤੋਂ 5-10 ਤੱਕ ਆਸਾ ਦੀ ਵਾਰ ਦੇ 12 ਸਲੋਕਾਂ ਦਾ ਕੀਰਤਨ ਹੋ ਜਾਂਦਾ ਹੈ ਤੇ ਫਿਰ ਦਰਸ਼ਨ ਪਿਆਸ ਪਰਕੱਟਣ ਦੇ ਕਿਸੇ ਸ਼ਬਦ ਦਾ ਗਾਇਣ ਹੁੰਦਾ ਹੈ। ਸ਼ਬਦ ਦੀ ਸਮਾਪਤੀ ਹੋਣ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਜੋ ਅਕਾਲ ਤਖ਼ਤ ਤੋਂ ਪਾਲਕੀ ਤੇ ਸੰਗਤਾਂ ਪ੍ਰੇਮ ਉਤਸ਼ਾਹ ਨਾਲ 'ਸਤਿਨਾਮ ਸ੍ਰੀ ਵਾਹਿਗੁਰੂ ਸਾਹਿਬ ਜੀ' ਦਾ ਜਾਪ ਕਰਦੀਆਂ ਲਿਆਉਂਦੀਆਂ ਹਨ ਤੇ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਸਥਾਨ ਤੇ ਸਥਾਪਨ ਹੁੰਦਾ ਹੈ। ਵਾਹਿਗੁਰੂ ਜਾਪ ਸਮਾਪਤ ਹੁੰਦਾ ਹੈ ਤੇ ਸਾਰੀ ਸੰਗਤ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ ਗਜਾਂਦੀ ਹੈ। ਫਿਰ ਗ੍ਰੰਥੀ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਦੀ ਸੇਵਾ ਆਰੰਭ ਕਰਦੇ ਹਨ। ਸੰਗਤਾਂ ਵਿਚੋਂ ਕੁਝ

ਗੁਰਸਿੱਖ ਉੱਚੀ ਆਵਾਜ਼ ਵਿੱਚ ਭੱਟਾਂ ਦੇ ਸਵਈਏ ਤੋਂ ਸ਼ਬਦਾਂ ਦਾ ਖੜ੍ਹੇ ਹੋ ਕੇ ਵਾਰੀ ਵਾਰੀ ਉਚਾਰਣ ਕਰਦੇ ਹਨ। ਪ੍ਰਕਾਸ਼ ਦੀ ਸੇਵਾ ਹੋ ਜਾਣ ਤੇ ਅੰਤ ਵਿੱਚ 'ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ' ਸ਼ਬਦ ਦਾ ਉੱਚਾਰਣ ਕਰਨ ਵਾਲੇ ਸਿੰਘ ਨਾਲ ਸਾਰੀਆਂ ਸੰਗਤਾਂ ਹੀ ਮਿਲ ਕੇ ਉੱਚਾਰਣ ਕਰਦੀਆਂ ਹਨ। ਫਿਰ ਗ੍ਰੰਥੀ ਸਿੰਘ ਜੀ ਹੁਕਮਨਾਮਾ ਲੈਂਦੇ ਹਨ ਤੇ ਉਸ ਤੋਂ ਪਿੱਛੋਂ ਕੀਰਤਨ ਦਾ ਆਰੰਭ ਹੋ ਜਾਂਦਾ ਹੈ। ਇੱਕ ਸ਼ਬਦ ਦੇ ਗਾਇਨ ਤੋਂ ਬਾਅਦ ਆਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਸਧਾਰਣ ਰੂਪ ਵਿੱਚ ਜ਼ਿਆਦਾ ਕਰਕੇ ਜੋਟੀਆਂ ਦੀ ਤਰਜ਼ ਤੇ ਕੀਰਤਨ ਹੁੰਦਾ ਹੈ। ਫਿਰ ਅਰਦਾਸੀਆ ਸਿੰਘ ਅਰਦਾਸ ਕਰਦਾ ਹੈ ਤੇ ਸਾਰੀ ਸੰਗਤ ਖੜ੍ਹੇ ਹੋ ਕੇ ਅਰਦਾਸ ਵਿੱਚ ਜੁੜਦੀ ਹੈ। ਅਰਦਾਸ ਤੋਂ ਬਾਦ ਫ਼ਿਰ ਕੀਰਤਨ ਆਰੰਭ ਹੋ ਜਾਂਦਾ ਹੈ ਤੇ ਸਮੇਂ ਅਨੁਸਾਰ ਹੀ ਆਸਾ ਦੀ ਵਾਰ ਦੇ ਸੰਪੂਰਣ ਕੀਰਤਨ ਦੀ ਸਮਾਪਤੀ ਹੁੰਦੀ ਹੈ। ਹੋਰ ਗੁਰਦਵਾਰਿਆਂ ਵਿਚ ਆਸਾ ਦੀ ਵਾਰ ਦਾ ਸੰਪੂਰਨ ਕੀਰਤਨ ਨਿਰੰਤਰ ਹੁੰਦਾ ਹੈ, ਅਨੰਦ ਸਾਹਿਬ ਦੀਆਂ 6 ਪਉੜੀਆਂ ਤੇ ਫਿਰ ਆਸਾ ਦੀ ਵਾਰ ਦੀ ਸਮਾਪਤੀ ਦੀ ਅਰਦਾਸ ਹੁੰਦੀ ਹੈ।

**ਸੋਦਰ ਚਉਂਕੀ :**

ਪ੍ਰਚੱਲਿਤ ਮਰਿਯਾਦਾ ਅਨੁਸਾਰ ਸੰਧਿਆ ਸਮੇਂ ਸੋਦਰ ਦੀ ਪਉੜੀ ਆਰੰਭ ਕਰਨ ਤੋਂ ਪਹਿਲਾਂ ਆਸਾ ਰਾਗੁ ਵਿੱਚ ਇਕ ਸ਼ਬਦ ਦਾ ਗਾਇਣ ਹੁੰਦਾ ਹੈ। ਫ਼ਿਰ 'ਹਰਿ ਜੁਗ ਜੁਗ ਭਗਤ ਉਪਾਇਆ' ਛੰਤ ਦਾ ਕੀਰਤਨ ਆਸਾ ਰਾਗੁ ਵਿੱਚ ਹੀ ਪ੍ਰਚੱਲਿਤ ਇੱਕ ਤਾਲ ਦੀ ਬੰਦਸ਼ ਦਾ ਸਾਰਾ ਜੱਥਾ ਮਿਲ ਕੇ ਗਾਇਣ ਕਰਦਾ ਹੈ। ਫਿਰ ਆਸਾ ਦੀ ਵਾਰ ਦੇ 12ਵੇਂ ਸਲੋਕ 'ਦੁਖੁ ਦਾਰੂ ਸੁਖੁ ਰੋਗੁ ਭਇਆ' ਤੋਂ ਆਰੰਭ ਹੋ ਕੇ - 'ਕਹੁ ਨਾਨਕ ਕਰਤੇ ਕੀਆ ਬਾਤਾਂ ਜੋ ਕਿਛੁ ਕਰਣਾ ਸੋ ਕਰਿ ਰਹਿਆ' ਦਾ ਅਲਾਪ ਰੂਪ ਵਿੱਚ ਵਾਰੀ ਵਾਰੀ ਗਾਇਣ ਕਰਦੇ ਹਨ। ਉਪਰੰਤ 'ਸੋ ਦਰੁ ਤੇਰਾ ਕੇਹਾ' ਤੋਂ ਆਰੰਭ ਕਰਕੇ 'ਨਾਨਕ ਰਹਣੁ ਰਜਾਈ' ਤਕ ਪਉੜੀ ਦੀ ਚਾਲ ਤੇ ਹੀ ਸਾਰਾ ਜੱਥਾ ਮਿਲ ਕੇ ਗਾਇਣ ਕਰਦਾ ਹੈ।

ਇਸ ਸ਼ਬਦ ਦੀ ਸਮਾਪਤੀ ਤੋਂ ਬਾਅਦ ਮਹਾਰਾਜ ਦੇ ਤਾਬਿਆਂ ਬੈਠੇ ਗ੍ਰੰਥੀ ਸਿੰਘ ਜੀ ਆਸਾ ਮਹਲਾ ੧ 'ਸੁਣਿ ਵਡਾ ਆਖੈ ਸਭੁ ਕੋਇ' ਆਰੰਭ ਕਰਦੇ ਹੋਏ ਰਹਿਰਾਸ ਦਾ ਪਾਠ ਕਰਦੇ ਹਨ। ਫ਼ਿਰ ਸਾਰੀ ਸੰਗਤ ਵੀ ਖੜ੍ਹੀ ਹੁੰਦੀ ਹੈ ਤੇ ਅਰਦਾਸੀਆ ਸਿੰਘ ਸੋਦਰ ਦੀ ਚਉਂਕੀ ਦੀ ਸਮਾਪਤੀ ਦੀ ਅਰਦਾਸ ਕਰਦਾ ਹੈ। ਹੁਕਮਨਾਮਾ ਤੇ ਫ਼ਿਰ ਆਰਤੀ ਤੇ ਫ਼ਿਰ ਕੀਰਤਨ ਦਾ ਪ੍ਰਵਾਹ ਚਲਦਾ ਰਹਿੰਦਾ ਹੈ। ਪਰ ਹੋਰ ਗੁਰਦੁਆਰਿਆਂ ਵਿੱਚ ਸੋਦਰ ਚਉਂਕੀ ਦੀ ਸਮਾਪਤੀ ਤੋਂ ਪਿੱਛੋਂ ਆਰਤੀ ਨਹੀਂ ਪੜ੍ਹੀ ਜਾਂਦੀ, ਕੀਰਤਨ ਆਰੰਭ ਹੋ ਜਾਂਦਾ ਹੈ ਜਾਂ ਸੂਰਜ ਪ੍ਰਕਾਸ਼ ਦੀ ਕਥਾ ਹੁੰਦੀ ਹੈ।

# ਮਹਾਨ ਗੁਰਮਤਿ ਸੰਗੀਤ ਪਰੰਪਰਾ

**ਡਾ. ਜੇ ਕੌਰ**

'ਵਿਸ਼ਵ ਏਕਤਾ'
ਨਵੀਂ ਦਿੱਲੀ ਤੋਂ ਧੰਨਵਾਦ ਸਹਿਤ

ਗੁਰੂ ਨਾਨਕ ਦੇਵ ਜੀ ਨੇ ਜਦੋਂ ਸਿੱਖੀ ਵਿਚਾਰਾਂ ਅਤੇ ਗੁਰਮਤਿ ਸੰਗੀਤ ਦਾ ਦੇਸ਼ ਪ੍ਰਦੇਸ਼ ਵਿਚ ਪ੍ਰਚਾਰ ਕਰਨ ਦਾ ਪ੍ਰੋਗਰਾਮ ਆਰੰਭਿਆ ਤਾਂ ਉਸ ਵੇਲੇ 'ਕੀਰਤਨ' ਦੀ ਜੁਗਤੀ ਅਪਨਾਈ ਅਤੇ ਆਪਣੇ ਪਿਆਰੇ ਕੀਰਤਨੀਏ ਭਾਈ ਮਰਦਾਨਾ ਨੂੰ ਇਸ ਵੱਡੇ ਮਿਸ਼ਨ ਦੀ ਪ੍ਰਾਪਤੀ ਲਈ ਸਾਥੀ ਚੁਣਿਆ। ਇਸ ਤਰ੍ਹਾਂ ਸਿੱਖ ਧਰਮ ਵਿਚ ਕੀਰਤਨ ਦੀ ਮਰਿਯਾਦਾ ਆਰੰਭ ਦੌਰ ਵਿਚ ਹੀ ਕਾਇਮ ਹੋ ਗਈ ਸੀ। ਦੇਸ਼ ਦੇਸਾਂਤਰਾਂ ਦੇ ਰਟਣ ਵੇਲੇ ਜਿੱਥੇ ਵੀ ਸਮਾਂ ਬਣਿਆ ਗੁਰੂ ਸਾਹਿਬ ਨੇ ਕੀਰਤਨ ਦੁਆਰਾ ਜੀਵਾਂ ਦਾ ਉਦਾਰ ਕੀਤਾ। ਗੁਰੂ ਨਾਨਕ ਦੇਵ ਜੀ ਨੇ ਨਿਯਮਤ ਰੂਪ ਵਿਚ ਕੀਰਤਨ ਦੀ ਮਰਿਯਾਦਾ ਪਾਈ। ਬਾਅਦ, ਜਿੰਨੇ ਗੁਰੂਆਂ ਨੇ ਬਾਣੀ ਉਚਾਰੀ ਸਭ ਰਾਗਾਂ ਵਿਚ ਹੀ ਉਚਾਰੀ ਹੈ।

ਗੁਰੂ ਨਾਨਕ ਦੇਵ ਜੀ ਨੇ ਸਿਰੀ, ਗਉੜੀ, ਆਸਾ, ਤਿਲੰਗ, ਸੂਹੀ, ਬਿਲਾਵਲ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਗੁਜਰੀ, ਵਡਹੰਸ, ਸੋਰਠਿ, ਧਨਾਸਰੀ, ਬਸੰਤ, ਸਾਰੰਗ, ਮਲ੍ਹਾਰ, ਪ੍ਰਭਾਤੀ ਰਾਗਾਂ ਵਿਚ ਗੁਰਬਾਣੀ ਉਚਾਰੀ। ਗੁਰੂ ਸਾਹਿਬ ਨੇ 16 ਉਪਰਾਗ ਗਉੜੀ ਗੁਆਰੇਰੀ, ਗਉੜੀ, ਦੱਖਣੀ ਗਉੜੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਦੀਪਕੀ, ਆਸਾ ਕਾਫੀ, ਵਡਹੰਸ ਰੱਖਣੀ, ਬਿਲਾਵਲੀ ਦੱਖਣੀ, ਮਾਰੂ ਦੱਖਣੀ, ਰਾਮਕਲੀ ਦੱਖਣੀ, ਪ੍ਰਭਾਤੀ ਦੱਖਣੀ, ਮਾਰੂ ਕਾਫੀ ਪ੍ਰਭਾਤੀ ਬਿਭਾਸ ਵੀ ਬਾਣੀ ਵਿਚ ਵਰਤੇ। ਉਪਰੋਕਤ ਰਾਗਾਂ ਦੇ ਨਾਵਾਂ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਪ੍ਰਚੱਲਤ ਰਾਗਾਂ ਤੋਂ ਬਿਨਾਂ ਅਪ੍ਰਚੱਲਤ ਰਾਗਾਂ ਨੂੰ ਵੀ ਬਾਣੀ ਦੇ ਗਾਇਨ ਲਈ ਪ੍ਰਯੋਗ ਕੀਤਾ।

ਗੁਰੂ ਸਾਹਿਬ ਨੇ ਉਕਤ ਰਾਗਾਂ ਅਧੀਨ ਅਸਟਪਦੀ, ਪਦੇ, ਛੰਤ, ਵਾਰ ਗਾਇਨ ਸ਼ੈਲੀਆਂ ਦੀ ਵਰਤੋਂ ਕੀਤੀ। ਗੁਰਮਤਿ ਸੰਗੀਤ ਦੇ ਵਿਕਾਸ ਲਈ ਕਰਤਾਰਪੁਰ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ ਜਿੱਥੇ ਸਵੇਰ-ਸ਼ਾਮ ਗੁਰਬਾਣੀ ਕੀਰਤਨ ਕੀਤਾ ਜਾਂਦਾ ਹੈ। ਗੁਰੂ ਅੰਗਦ ਦੇਵ ਜੀ ਦੀ ਬਾਣੀ ਸਲੋਕਾਂ ਦੇ ਰੂਪ ਵਿਚ ਸਿਰੀ, ਮਾਝ, ਆਸਾ, ਸੋਰਠਿ, ਸੂਹੀ, ਰਾਮਕਲੀ, ਮਾਰੂ, ਸਾਰੰਗ, ਮਲ੍ਹਾਰ ਰਾਗਾਂ ਅਧੀਨ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਗੁਰੂ ਸਾਹਿਬ ਨੇ ਗੁਰਮਤਿ ਸੰਗੀਤ ਦੇ ਵਿਕਾਸ ਲਈ ਦੂਜਾ ਕੀਰਤਨ ਕੇਂਦਰ ਖਡੂਰ ਸਾਹਿਬ ਵਿਚ ਸਥਾਪਤ ਕੀਤਾ। ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਭਾਈ ਮਰਦਾਨੇ ਦਾ ਪੁੱਤਰ ਸਜਾਦਾ, ਭਾਈ ਸਾਦੂ, ਭਾਈ ਬਾਦੂ, ਭਾਈ ਰਜਾਦਾ ਅਤੇ ਭਾਈ ਸੱਤਾ ਬਲਵੰਡ ਸਵੇਰੇ ਸ਼ਾਮ ਗੁਰਬਾਣੀ ਦਾ ਕੀਰਤਨ ਕਰਦੇ ਸਨ।

ਗੁਰੂ ਅਮਰਦਾਸ ਜੀ ਨੇ ਵੀ ਕੀਰਤਨ ਦੀ ਇਸ ਪ੍ਰਥਾ ਨੂੰ ਜਾਰੀ ਰੱਖਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰੀ, ਮਾਲ, ਗਉੜੀ, ਗਾਉੜੀ ਗੁਆਰੇਰੀ, ਗਉੜੀ ਬੈਰਾਗਣ, ਗਉੜੀ ਪੂਰਬੀ, ਆਸਾ, ਆਸਾ ਕਾਫੀ, ਗੁਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ ਹਿੰਡੋਲ, ਸਾਰੰਗ, ਮਲ੍ਹਾਰ, ਪ੍ਰਭਾਤੀ, ਪ੍ਰਭਾਤੀ ਬਿਭਾਸ ਰਾਗਾਂ ਅਧੀਨ ਪਦੇ, ਅਸਟਪਦੀਆਂ, ਛੰਦ, ਸੋਹਲੇ, ਵਾਰ ਗਾਇਨ ਸ਼ੈਲੀਆਂ ਅੰਤਰਗਤ ਬਾਣੀ ਦਾ ਗਾਇਨ ਕੀਤਾ। ਰਾਮਕਲੀ ਰਾਗ ਅਧੀਨ 'ਆਨੰਦ ਸਾਹਿਬ' ਦੀ ਰਚਨਾ ਕੀਤੀ, ਜੋ ਸਿੱਖ ਧਰਮ ਵਿਚ ਨਿਤਨੇਮ ਦੀਆਂ ਬਾਣੀਆਂ ਵਿਚੋਂ ਇਕ ਹੈ ਅਤੇ ਹਰ ਸਮਾਗਮ ਦੇ ਅੰਤ 'ਤੇ ਇਸਦਾ ਗਾਇਨ ਕਰਨ ਦੀ ਪ੍ਰਥਾ ਹੈ।

ਗੁਰੂ ਅਮਰਦਾਸ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਮੰਜੀ ਪ੍ਰਥਾ ਚਲਾਈ ਅਤੇ ਗੁਰਬਾਣੀ ਦੇ ਪ੍ਰਚਾਰ ਲਈ ਕੀਰਤਨ ਦਾ ਤੀਜਾ

ਕੇਂਦਰ ਗੋਇੰਦਵਾਲ ਸਾਹਿਬ ਵਸਾਇਆ। ਦਰਬਾਰ ਵਿਚ ਭਾਈ ਸੱਤਾ ਅਤੇ ਭਾਈ ਬਲਵੰਡ ਤੋਂ ਬਿਨਾ ਭਾਈ ਪਾਧਾ ਤੇ ਭਾਈ ਬੂਲਾ ਰਬਾਬੀ ਗੁਰਬਾਣੀ ਦਾ ਕੀਰਤਨ ਕਰਦੇ ਸਨ। ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੁਰੂ ਸਾਹਿਬ ਨੇ ਸਾਰਦਾ ਅਤੇ ਸਾਜਦਾ ਸਾਜ਼ ਦਾ ਨਿਰੂਪਣ ਕੀਤਾ।

ਗੁਰੂ ਰਾਮਦਾਸ ਜੀ ਨੇ ਸਿੱਖ ਗੁਰੂਆਂ ਵਲੋਂ ਚਲਾਈ ਹੋਈ ਗੁਰਬਾਣੀ ਕੀਰਤਨ ਪਰੰਪਰਾ ਨੂੰ ਹੋਰ ਵਿਕਸਿਤ ਕੀਤਾ। ਉਨ੍ਹਾਂ ਨੇ ਸਿਰੀ, ਮਾਝ, ਗਉੜੀ, ਗਉੜੀ ਗੁਆਰੇਗੀ, ਗਉੜੀ ਬੈਰਾਗਣ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਆਸਾ, ਆਸਾਵਰੀ, ਆਸਾ ਕਾਫੀ, ਗੁਜਰੀ ਦੇਵਗੰਧਾਰੀ, ਬਿਰਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਰਾਮਕਲੀ, ਨਟ, ਗੌਂਡ, ਮਾਲੀ ਗਉੜਾ ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ ਮਲ੍ਹਾਰ, ਕਾਨੜਾ, ਕਲਿਆਣ, ਭੋਪਾਲੀ, ਪ੍ਰਭਾਤੀ, ਪ੍ਰਭਾਤੀ ਬਿਭਾਸ ਰਾਗਾਂ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਹੀ ਬਾਣੀ ਉਚਾਰੀ ਹੈ। ਗੁਰੂ ਰਾਮਦਾਸ ਨੇ ਬਾਣੀ ਦੀ ਰਚਨਾ ਲਈ ਜਿਥੇ ਸ਼ਾਸਤਰੀ ਸੰਗੀਤ ਦੀਆਂ ਸ਼ੈਲੀਆਂ, ਪਦੇ, ਅਸਟਪਦੀਆਂ ਦੀ ਵਰਤੋਂ ਕੀਤੀ ਉਥੇ ਘੋੜੀਆਂ, ਛੰਤ ਵਾਰ, ਕਾਵਿ, ਰੂਪਾਂ, ਲੋਕ ਗਾਇਨ ਸ਼ੈਲੀਆਂ ਦਾ ਪ੍ਰਯੋਗ ਵੀ ਕੀਤਾ। ਸ੍ਰੀ ਗੁਰੂ ਰਾਮਦਾਸ ਜੀ ਨੇ ਪੜਤਾਲ ਨਾਮਕ ਸ਼ਾਸਤਰੀ ਸ਼ੈਲੀ ਜੋ ਤਾਲ 'ਤੇ ਅਧਾਰਤ ਹੈ ਨੂੰ ਜਨਮ ਦਿੱਤਾ। ਪੜਤਾਲ ਸ਼ੈਲੀ ਗੁਰਬਾਣੀ ਸੰਗੀਤ ਲਈ ਹੀ ਨਹੀਂ ਸਗੋਂ ਭਾਰਤੀ ਸੰਗੀਤ ਵਿਚ ਵੀ ਮਹਾਨਤਾ ਅਤੇ ਵਿਲੱਖਣਤਾ ਦੀ ਧਾਰਨੀ ਹੈ। ਗੁਰੂ ਸਾਹਿਬ ਦੀਆਂ 7 ਰਾਗਾਂ ਅਧੀਨ 19 ਪੜਤਾਲਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਵੀ ਭਾਈ ਸੱਤਾ ਬਲਵੰਡ ਪ੍ਰਸਿੱਧ ਰਬਾਬੀ ਕੀਰਤਨੀਏ ਸਵੇਰੇ ਸ਼ਾਮ ਕੀਰਤਨ ਕਰਦੇ ਸਨ।

ਗੁਰੂ ਅਰਜਨ ਦੇਵ ਜੀ ਨੇ ਜਦ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਕਰਵਾਇਆ ਤਾਂ ਗੁਰਬਾਣੀ ਕੀਰਤਨ ਦੀ ਮਹਾਨਤਾ ਨੂੰ ਮੁੱਖ ਰੱਖਦਿਆਂ ਸਿਰੀ, ਮਾਝ, ਗਉੜੀ, ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣ, ਗਉੜੀ ਪੂਰਬੀ, ਗਉੜੀ ਮਾਝ ਗਉੜੀ ਮਾਲਵਾ, ਗਉੜੀ ਮਾਲਾ, ਆਸਾ, ਆਸਾ ਕਾਫੀ, ਆਸਾਵਰੀ, ਗੂਜਰੀ, ਦੇਵ ਗੰਧਾਰ, ਦੇਵ ਗੰਧਾਰੀ, ਬਿਹਾਗੜਾ, ਸੋਰਠਿ, ਵਡਹੰਸ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਗੌਂਡ, ਰਾਮਕਲੀ, ਨਟ ਨਰਾਇਣ ਨਟ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ ਕਾਨੜਾ, ਕਲਿਆਣ ਰਾਗਾਂ ਵਿਚ ਬਾਣੀ ਉਚਾਰੀ। ਇਹ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਗੁਰੂ ਜੀ ਨੇ ਗੁਰਬਾਣੀ ਦੇ ਗਾਇਨ ਲਈ ਸਭ ਤੋਂ ਜ਼ਿਆਦਾ ਰਾਗ ਅਤੇ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਹੈ। ਆਪ ਨੇ ਬਾਣੀ ਵਿਚ ਛੰਤ, ਵਾਰ, ਸੋਲਹੇ, ਅੰਜਲੀਆਂ, ਲੋਕ ਕਾਵਿ ਰੂਪਾਂ ਤੋਂ ਇਲਾਵਾ ਪਦੇ, ਅਸਟਪਦੀਆਂ ਵਰਗੇ ਸਨਾਤਨੀ ਰੂਪ ਦਾ ਪ੍ਰਯੋਗ ਕੀਤਾ। ਆਪ ਨੇ ਪੜਤਾਲ ਗਾਇਨ ਸ਼ੈਲੀ ਦਾ ਵੀ ਖ਼ੂਬ ਪ੍ਰਚਾਰ ਕੀਤਾ। ਆਪ ਜੀ ਦੀਆਂ 36 ਪੜਤਾਲਾਂ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਰਾਗਾਂ ਅਧੀਨ ਦਰਜ ਹਨ। ਗੁਰੂ ਸਾਹਿਬ ਨੇ ਗੁਰਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਤਰਨਤਾਰਨ ਸਾਹਿਬ ਸਥਾਪਤ ਕੀਤਾ। ਆਸਾ ਦੀ ਵਾਰ ਦੇ ਸੰਪੂਰਨ ਗਾਇਨ ਦੀ ਮਰਿਯਾਦਾ ਗੁਰੂ ਅਰਜਨ ਦੇਵ ਜੀ ਦੇ ਵੇਲੇ ਹੀ ਹੋਈ। ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਭਾਈ ਸੱਤਾ ਬਲਵੰਡ ਤੋਂ ਬਿਨਾਂ ਭਾਈ ਕੇਦਾਰਾ ਝਾਝੂ ਅਤੇ ਮੁਕੰਦ ਵਰਗੇ ਪ੍ਰਸਿੱਧ ਰਾਗੀ ਰਬਾਬੀ ਕੀਰਤਨ ਕਰਦੇ ਸਨ।

ਗੁਰੂ ਅਰਜਨ ਦੇਵ ਜੀ ਨੇ ਸਰੰਦੇ ਸਾਜ਼ ਦਾ ਅਵਿਸ਼ਕਾਰ ਕਰਕੇ ਗੁਰਮਤਿ ਪ੍ਰੇਮੀ ਸਿੱਖਾਂ ਸੰਗੀਤ ਦੀ ਵਿੱਦਿਆ ਸਿਖਾਈ ਅਤੇ ਸ਼ਬਦਾਂ ਨੂੰ ਨਿਰਧਾਰਤ ਵਿਧੀ ਅਨੁਸਾਰ ਗਾਇਨ ਕਰਨਾ ਸਿਖਾਇਆ। ਨਿੱਤ ਕੀਰਤਨ ਦੀਆਂ ਚਾਰ ਚੌਂਕੀਆਂ ਦੀ ਮਰਿਯਾਦਾ ਥਾਪੀ ਜੋ ਇਸ ਵੇਲੇ ਵੀ ਹਰਿਮੰਦਰ ਸਾਹਿਬ ਅਤੇ ਹੋਰ ਗੁਰਧਾਮਾਂ ਵਿਚ ਕਾਇਮ ਹੈ।

ਗੁਰੂ ਹਰਗੋਬਿੰਦ ਸਾਹਿਬ ਨੇ ਵੀ ਸਿੱਖ ਸੰਗੀਤ ਪਰੰਪਰਾ ਨੂੰ ਉਸੇ ਹੀ ਤਰ੍ਹਾਂ ਕਾਇਮ ਰੱਖਿਆ। ਗੁਰੂ ਸਾਹਿਬਾਨ ਦੇ ਇਸ ਮਹਾਨ ਮਿਸ਼ਨ ਨੂੰ ਅੱਗੇ ਤੋਰਨ ਲਈ ਗੁਰੂ ਹਰਗੋਬਿੰਦ ਸਾਹਿਬ ਨੇ

ਕੌਮ ਦੀ ਵਾਗਡੋਰ ਸੰਭਾਲੀ ਅਤੇ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਜਿਥੇ ਅਕਾਲ ਤਖ਼ਤ ਦੀ ਸਥਾਪਨਾ ਕੀਤੀ ਕੌਮ ਨੂੰ ਸ਼ਸਤਰਬੱਧ ਕੀਤਾ ਉਥੇ ਸੂਰਬੀਰਤਾ ਦਾ ਪੱਖ ਉਜਾਗਰ ਕਰਨ ਲਈ 'ਢਾਡੀਆਂ' ਨੂੰ ਲਿਆ ਕਿ ਸਿੱਖ ਦੀਵਾਨਾਂ ਦਾ ਸ਼ਿੰਗਾਰ ਬਣਾਇਆ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਧੁਨੀਆਂ ਦੇ ਸਿਰਲੇਖ ਅਨੁਸਾਰ ਵਾਰਾਂ ਦਾ ਗਾਇਨ ਗੁਰੂ ਹਰਗੋਬਿੰਦ ਜੀ ਦੇ ਵੇਲੇ ਹੀ ਕੀਤਾ ਜਾਂਦਾ ਸੀ। ਢਾਡੀਆਂ ਦੇ ਨਾਲ ਨਾਲ ਰਾਗੀਆਂ ਤੇ ਰਬਾਬੀਆਂ ਦੀ ਪ੍ਰਥਾ ਵੀ ਚਾਲੂ ਰੱਖੀ ਗਈ। ਗੁਰੂ ਹਰਗੋਬਿੰਦ ਸਾਹਿਬ ਦੇ ਦਰਬਾਰ ਦੇ ਰਬਾਬੀਆਂ ਵਿਚੋਂ ਭਾਈ ਬਾਬਕ, ਬੜੇ ਪ੍ਰਸਿੱਧ ਕੀਰਤਨੀਏ ਸਨ। ਇਨ੍ਹਾਂ ਦੇ ਪੁੱਤਰ ਭਾਈ ਚਤਰਾ ਤੇ ਭਾਈ ਮੋਜਦਰੀਆ, ਭਾਈ ਮਾਇਆ ਅਤੇ ਲੰਬ ਜੀ ਲੰਮਾ ਸਮਾਂ ਗੁਰੂ ਦਰਬਾਰ ਵਿਚ ਕੀਰਤਨ ਕਰਦੇ ਰਹੇ। ਗੁਰੂ ਸਾਹਿਬ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਢਾਡੀ ਦੀਵਾਨਾਂ ਦੇ ਨਾਲ ਨਾਲ ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਚਲਾਈ ਹੋਈ ਕੀਰਤਨ ਮਰਿਯਾਦਾ ਨੂੰ ਵੀ ਕਾਇਮ ਰੱਖਿਆ। ਸ੍ਰੀ ਹਰਿਮੰਦਰ ਸਾਹਿਬ ਵਿਚ ਗੁਰੂ ਹਰਗੋਬਿੰਦ ਸਾਹਿਬ ਵੇਲੇ ਕੀਰਤਨ ਦੀਆਂ ਪੰਜ ਚੌਂਕੀਆਂ ਲੱਗਦੀਆਂ ਸਨ।

ਗੁਰੂ ਹਰਗੋਬਿੰਦ ਸਾਹਿਬ ਨੇ ਗੁਰਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੀਰਤਪੁਰ ਸਾਹਿਬ ਦੀ ਸਥਾਪਨਾ ਕੀਤੀ ਜਿਥੇ ਸਵੇਰੇ ਸ਼ਾਮ ਗੁਰਮਤਿ ਪ੍ਰੰਪਰਾ ਅਨੁਸਾਰ ਕੀਰਤਨ ਕੀਤਾ ਜਾਂਦਾ ਸੀ। ਭਾਈ ਨੱਥਾ ਤੇ ਅਬਦੁੱਲਾ ਗੁਰੂ ਘਰ ਦੇ ਪ੍ਰਸਿੱਧ ਢਾਡੀ ਸਨ। ਗੁਰੂ ਸਾਹਿਬ ਦੇ ਸਮੇਂ ਹੀ ਵਾਰਾਂ ਦੇ ਗਾਇਨ ਲਈ ਬੀਰ ਰਸ ਪ੍ਰਦਾਨ ਕਰਨ ਹਿੱਤ ਸਾਰੰਗੀ ਸਾਜ਼ ਗੁਰੂ ਦਰਬਾਰ ਵਿਚ ਪ੍ਰਵੇਸ਼ ਹੋਇਆ। ਇਸੇ ਤਰ੍ਹਾਂ ਹੀ ਗੁਰੂ ਹਰਿਰਾਇ ਅਤੇ ਗੁਰੂ ਹਰਕ੍ਰਿਸ਼ਨ ਜੀ ਨੇ ਗੁਰੂ ਸਾਹਿਬਾਨ ਦੀ ਚਲਾਈ ਹੋਈ ਕੀਰਤਨ ਪ੍ਰਣਾਲੀ ਨੂੰ ਕਾਇਮ ਰੱਖਿਆ। ਗੁਰੂ ਤੇਗ਼ ਬਹਾਦਰ ਜੀ ਨੇ ਗੁਰਮਤਿ ਸੰਗੀਤ ਪ੍ਰਥਾ ਦੀਆਂ ਜੋ ਲੀਹਾਂ ਪਹਿਲਾਂ ਪਾਈਆਂ, ਉਨ੍ਹਾਂ ਨੂੰ ਹੋਰ ਪੱਕਾ ਕੀਤਾ।

ਗੁਰੂ ਗ੍ਰੰਥ ਸਾਹਿਬ ਵਿਚ ਰਾਗ ਜੈਜਾਵੰਤੀ ਅਧੀਨ ਕੇਵਲ ਗੁਰੂ ਤੇਗ਼ ਬਹਾਦਰ ਜੀ ਦੀ ਰਚਨਾ ਪ੍ਰਾਪਤ ਹੈ। ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਸੰਤ ਕਵੀ, ਸੰਗੀਤਕਾਰ ਦੇ ਨਾਲ ਨਾਲ ਮਹਾਨ ਵੀਰ ਯੋਧੇ ਵੀ ਸਨ ਜਿਨ੍ਹਾਂ ਨੇ ਅਨੇਕਾਂ ਕਠਿਨਾਈਆਂ ਦਾ ਸਾਹਮਣਾ ਕਰਦੇ ਹੋਏ ਸਿੱਖ ਕੌਮ ਅਤੇ ਗੁਰਮਤਿ ਸੰਗੀਤ ਨੂੰ ਵਨਵੀਂ ਸੇਧ ਦਿੱਤੀ। ਗੁਰੂ ਸਾਹਿਬਾਨ ਦੀ ਰਚਨਾ ਦਾ ਸੰਗ੍ਰਹਿ 'ਦਸਮ ਗ੍ਰੰਥ' ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਜਿਥੇ ਸੂਰਬੀਰ, ਬਹਾਦਰਾਂ, ਗਿਆਨਵਾਨਾਂ, ਵਿਦਵਾਨਾਂ ਅਤੇ ਗੁਰਮਤਿ ਸੰਗੀਤਕਾਰਾਂ ਦਾ ਵਿਸ਼ੇਸ਼ ਆਦਰ ਕੀਤਾ ਜਾਂਦਾ ਹੈ, ਉਥੇ ਗੁਰੂ ਘਰ ਦੇ ਕੀਰਤਨੀਆਂ ਦਾ ਉਚੇਰਾ ਸਨਮਾਨ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਕੀਰਤਨ ਅਤੇ ਕੀਰਤਨੀਆਂ ਦਾ ਸਤਿਕਾਰ ਪੰਥ ਵਿਚ ਧੁਰ ਤੋਂ ਹੀ ਕਾਇਮ ਰਿਹਾ। ਮਹਾਰਾਜਾ ਰਣਜੀਤ ਸਿੰਘ ਸਮੇਂ ਵੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਪ੍ਰਸਿੱਧ ਹਜ਼ੂਰੀ ਰਾਗੀ ਭਾਈ ਮਨਸਾ ਸਿੰਘ ਗੁਰਬਾਣੀ ਦਾ ਕੀਰਤਨ ਨਿਰਧਾਰਤ ਰਾਗਾਂ ਅਨੁਸਾਰ ਕਰਦੇ ਸਨ। ਬਾਬਾ ਸ਼ਾਮ ਸਿੰਘ ਨੇ 70 ਸਾਲ ਸਿਰੰਦਾ ਵਜਾ ਕੇ ਗੁਰੂ ਦਰਬਾਰ ਸਾਹਿਬ ਅੰਮ੍ਰਿਤਸਰ ਕੀਰਤਨ ਕੀਤਾ। ਰਾਗੀ ਸੁੰਦਰ ਸਿੰਘ (ਆਟਾ ਮੰਡੀ ਵਾਲੇ), ਭਾਈ ਚਾਂਦ, ਭਾਈ ਤਾਬਾ, ਭਾਈ ਲਾਲ ਨੇ ਵੀ ਗੁਰੂ ਸਾਹਿਬਾਨ ਦੀ ਚਲਾਈ ਹੋਈ ਗੁਰਮਤਿ ਸੰਗੀਤ ਪ੍ਰਣਾਲੀ ਅਨੁਸਾਰ ਕੀਰਤਨ ਦੀ ਸੇਵਾ ਨਿਭਾਈ। 1947 ਤੋਂ ਪਹਿਲਾਂ ਸਿੱਖ ਰਾਗੀਆਂ ਵਲੋਂ 'ਤਿੰਨ ਪਹਿਰੇ' ਅਤੇ 'ਆਸਾ ਦੀ ਵਾਰ' ਦੀਆਂ ਚੌਂਕੀਆਂ ਨਿਭਾਈਆਂ ਜਾਇਆ ਕਰਦਿਆਂ ਸਨ ਤੇ ਬਾਕੀ ਸਮਾਂ ਸਾਰਾ ਦਿਨ ਰਬਾਬੀ ਸਿੰਘ ਕੀਰਤਨ ਕਰਦੇ ਸਨ। ਵੰਡ ਤੋਂ ਬਾਅਦ ਰਬਾਬੀਆਂ ਦੀ ਘਾਟ ਕਾਰਨ ਹੁਣ ਹਰਿਮੰਦਰ ਸਾਹਿਬ ਵਿਚ ਕੇਵਲ ਰਾਗੀ ਜਥੇ ਹੀ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਭਾਈ ਸੁਰਜਨ ਸਿੰਘ ਰਾਗੀ, ਭਾਈ ਸੰਤਾ ਸਿੰਘ, ਭਾਈ ਉਤਮ ਸਿੰਘ, ਸੰਤ ਸੁਜਾਨ ਸਿੰਘ, ਭਾਈ ਗੋਪਾਲ ਸਿੰਘ ਨੇ ਵੀ ਸਿੱਖ ਕੀਰਤਨ ਪਰੰਪਰਾ ਦੇ ਵਿਕਾਸ ਵਿਚ ਵਲਮੁੱਲਾ ਯੋਗਦਾਨ ਪਾਇਆ ਅਤੇ ਗੁਰੂ ਸਾਹਿਬਾਨ ਦੀ ਚਲਾਈ ਹੋਈ ਨਿਰਧਾਰਤ ਸੰਗੀਤ ਪ੍ਰਣਾਲੀ ਅਨੁਸਾਰ ਸੰਗਤਾਂ ਨੂੰ ਕੀਰਤਨ ਸਰਵਣ ਕਰਾਇਆ।

# ਡੇਰਾ ਬਾਬਾ ਨਾਨਕ

*ਗੜ੍ਹ ਬਗਦਾਦ ਨਿਵਾਇਕੇ*
*ਮੱਕਾ ਮਦੀਨਾ ਸਭ ਨਿਵਾਇਆ।*
*ਸਿਧ ਚੌਰਾਸੀ ਮੰਡਲੀ ਖੱਟ ਦਰਸ਼ਨ ਪਾਖੰਡ ਜਿਣਾਇਆ।*
*ਦੇਵ ਦਾਨੋ ਰਾਖਸ਼ ਦੈਂਤ ਚਿਤਰ ਗੁਪਤ ਸਭ ਚਰਨੀ ਲਾਇਆ।*
*ਇੰਦਰਾਸਨ ਅਪੱਛਰਾਂ ਰਾਗ ਰਾਗਨੀ ਮੰਗਲ ਗਾਇਆ।*
*ਜਿਤੀ ਨੌ ਖੰਡ ਮੇਦਨੀ*
*ਸਤਨਾਮ ਦਾ ਚੱਕਰ ਫਿਰਾਇਆ।*

ਸਤਿਗੁਰੂ ਨਾਨਕ ਜੀ ਸਾਰੇ ਬ੍ਰਹਿਮੰਡ ਨੂੰ ਰੱਬੀ ਬਾਣੀ ਦੁਆਰਾ ਤਾਰਦੇ ਹੋਏ ਚੌਥੀ ਉਦਾਸੀ ਤੋਂ ਜਦ ਵਾਪਸ ਮੁੜੇ ਤਾਂ ਧੱਮਧਾਨ, ਜੋ ਨਰਵਾਣੇ ਦੇ ਪਾਸ ਹੈ, ਤੋਂ ਜਗਰਾਓਂ, ਸੋਢੀਵਾਲਾ, ਤਿਹਾੜਾ, ਸੁਲਤਾਨਪੁਰ ਲੋਧੀ ਪੁੱਜੇ। ਮਾਤਾ ਸੁਲੱਖਣੀ ਜੀ, ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਦਾਸ ਜੀ ਇਸ ਵੇਲੇ ਬਾਬਾ ਮੂਲ ਚੰਦ ਜੀ ਪਾਸ ਪੱਖੋਕੇ ਰੰਧਾਵੇ ਸਨ। ਬਾਬਾ ਮੂਲ ਚੰਦ ਜੀ, ਜੋ ਬਟਾਲੇ ਦੇ ਰਹਿਣ ਵਾਲੇ ਸਨ, ਬਹੁਤ ਚਿਰ ਤੋਂ ਰੰਧਾਵਿਆਂ ਦੇ ਪਰਗਣੇ ਦੇ ਪਟਵਾਰੀ ਸਨ ਤੇ ਇਨ੍ਹਾਂ ਦਾ ਹੈਡਕੁਆਰਟਰ ਪੱਖੋਕੇ ਰੰਧਾਵੇ ਸੀ। ਸਾਰਾ ਪਰਗਣਾ ਬਾਬਾ ਮੂਲ ਚੰਦ ਜੀ ਦਾ ਸਤਿਕਾਰ ਇਥੋਂ ਦੇ ਹਾਕਮ ਹੋਣ ਕਰਕੇ ਭੀ ਕਰਦਾ ਸੀ, ਪਰ ਗੁਰੂ ਨਾਨਕ ਜੀ ਨਾਲ ਬਾਬਾ ਮੂਲ ਚੰਦ ਜੀ ਦਾ ਸਬੰਧ ਹੋਣ ਕਰਕੇ ਲੋਕੀਂ ਇਹਨਾਂ ਨੂੰ ਪੂਜਣਯੋਗ ਸਮਝਣ ਲੱਗ ਪਏ ਸਨ। ਸੋ ਮਾਤਾ ਸੁਲੱਖਣੀ ਜੀ ਦਾ ਪੇਕਾ ਘਰ ਪੱਖੋਕੇ ਰੰਧਾਵੇ ਹੀ ਬਣਿਆ ਹੋਇਆ ਸੀ। ਸੋ ਸਾਰੇ ਲੋਕੀ ਬਾਬਾ ਸ੍ਰੀ ਚੰਦ ਤੇ ਬਾਬਾ ਲਖਮੀ ਦਾਸ ਜੀ ਦਾ ਜਿੱਥੇ ਗੁਰੂ ਨਾਨਕ ਜੀ ਦੇ ਸਪੁੱਤਰ ਜਾਣ ਕੇ ਸਤਿਕਾਰ ਕਰਦੇ ਸਨ, ਉਥੇ ਪੱਖੋਕੇ ਰੰਧਾਵਿਆਂ ਦੇ ਦੋਹਤਰੇ ਜਾਣ ਕੇ ਪਿਆਰ ਕਰਦੇ ਸਨ।

ਸੋ ਗੁਰੂ ਜੀ ਮਹਾਰਾਜ ਸੁਲਤਾਨਪੁਰ ਲੋਧੀ ਤੋਂ ਗੋਇੰਦਵਾਲ ਦਾ ਪੱਤਣ ਲੰਘ ਕੇ ਬਟਾਲੇ ਆਉਂਦੇ ਹਨ ਤੇ ਫੇਰ ਪੱਖੋਕੇ ਰੰਧਾਵੇ ਪਿੰਡੋਂ ਥੋੜ੍ਹਾ ਬਾਹਰ ਅਜਿਤੇ ਰੰਧਾਵੇ ਦੇ ਖੂਹ 'ਤੇ ਪੁੱਜ ਜਾਂਦੇ ਹਨ।

**ਧੰਨਵਾਦ ਸਹਿਤ**
ਸੰਚਾਲਕ ਸੂਚਨਾ ਤੇ ਪ੍ਰਚਾਰ ਵਿਭਾਗ
ਪੰਜਾਬ

ਅਜਿਤਾ ਰੰਧਾਵਾ ਇਸ ਪਰਗਣੇ ਦਾ ਸਰਦਾਰ ਜੀ ਤੇ ਮਨ ਅੰਦਰ ਗੁਰੂ ਮਹਾਰਾਜ ਦੇ ਦਰਸ਼ਨਾਂ ਦੀ ਹਰ ਵੇਲੇ ਸਿਕ ਰੱਖਣ ਵਾਲਾ ਪ੍ਰੇਮੀ ਸਿੱਖ ਸੀ। ਪਤਾ ਲੱਗਣ ਤੇ ਅਜਿਤਾ ਰੰਧਾਵਾ ਸੰਗਤਾਂ ਸਮੇਤ ਗੁਰੂ ਮਹਾਰਾਜ ਦੇ ਚਰਨਾਂ ਤੇ ਆ ਕੇ ਢੱਠਾ, ਚਰਨਾਂ ਦੀ ਧੂੜ ਪਰਸੀ, ਸੇਵਾ ਉਪਰੰਤ ਆਪਣੇ ਜੀਵਨ ਸੁਧਾਰ ਸਬੰਧੀ ਤੇ ਸੰਗਤਾਂ ਦੇ ਕਲਿਆਣ ਸਬੰਧੀ ਗੁਰੂ ਨਾਨਕ ਜੀ ਤੋਂ ਸਿੱਖਿਆ ਲਈ। ਇਥੇ ਹੀ ਬਾਬਾ ਮੂਲ ਚੰਦ ਜੀ, ਮਾਤਾ ਸੁਲੱਖਣੀ ਜੀ ਅਤੇ ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਦਾਸ ਜੀ ਨੂੰ ਨਾਲ ਲੈ ਕੇ ਮਹਾਰਾਜ ਜੀ ਦੇ ਪਾਸ ਪੁੱਜਦੇ ਹਨ। ਅਜਿਤੇ ਰੰਧਾਵੇ ਨੇ ਬੇਨਤੀ ਕੀਤੀ ਕਿ 'ਮਹਾਰਾਜ ਹੁਣ ਏਸੇ ਥਾਂ ਨੂੰ ਭਾਗ ਲਾਵੋ, ਤੇ ਸਾਨੂੰ ਸੇਵਾ ਦਾ ਮੌਕਾ ਦੇਵੋ।' ਮਾਤਾ ਸੁਲੱਖਣੀ ਜੀ ਨੇ ਦੋ ਹੱਥ ਜੋੜ ਬੇਨਤੀ ਕੀਤੀ ਕਿ 'ਮਹਾਰਾਜਾ ਕ੍ਰਿਪਾ ਕਰੋ ਤੇ ਪਰਿਵਾਰ ਸਹਿਤ ਠਹਿਰ ਕੇ ਪਾਲਣ ਪੋਸਣ ਕਰਕੇ ਨਿਹਾਲ ਕਰੋ ਤੇ ਜੇ ਕਿਤੇ ਜਾਣਾ ਹੈ ਤਾਂ ਸਾਰੇ ਪਰਵਾਰ ਨੂੰ ਨਾਲ ਚੱਲਣ ਦੀ ਆਗਿਆ ਦੇਵੋ।' ਤਾਂ ਮਹਾਰਾਜ ਜੀ ਮੇਹਰ ਦੇ ਘਰ ਆ ਕੇ ਬੋਲੇ "ਲੈ ਭਾਗਾਂ ਵਾਲੀਏ, ਹੁਣ ਅਸੀਂ ਸਾਰੀ ਜ਼ਿੰਦਗੀ ਤੇਰੇ ਪਾਸ ਹੀ ਠਹਿਰਾਂਗੇ, ਕਰਤਾਰ ਨੇ ਹੁਣ ਤੈਥੋਂ ਸਾਰੇ ਸੰਸਾਰ ਤੋਂ ਆਈਆਂ ਗਈਆਂ ਸਾਧ ਸੰਗਤਾਂ ਦੀ ਸੇਵਾ ਕਰਾਉਣੀ ਹੈ।" ਚੌਧਰੀ ਅਜਿਤੇ ਰੰਧਾਵੇ ਨੂੰ ਮਹਾਰਾਜ ਜੀ ਨੇ ਆਖਿਆ "ਅਜਿਤਿਆ ਤੂੰ ਤੇ ਤੇਰੇ ਪਰਗਣੇ ਦੇ ਵਸਨੀਕ ਸਾਡੇ ਪ੍ਰਵਾਰ ਨਾਲ ਅਤਿ ਸਨੇਹ ਰੱਖਦੇ ਹਨ, ਇਸ ਲਈ ਇਸ ਤੇਰੇ ਖੂਹ ਦੇ ਪਾਸ ਹੀ ਮੇਰਾ ਪ੍ਰਵਾਰ ਇਕ ਭਾਗਸ਼ਾਲੀ

ਨਗਰ ਵਸਾਏਗਾ ਤੇ ਤੇਰੀ ਯਾਦ ਸਦੀਵ ਰਹਸੀ।" ਇਹ ਥਾਂ ਰਾਵੀ ਦਰਿਆ ਦਾ ਕਿਨਾਰਾ ਸੀ। ਸੰਗਤਾਂ ਦੂਰ ਦੂਰ ਤੋਂ ਦਰਸ਼ਨਾਂ ਨੂੰ ਆਉਣ ਲੱਗ ਪਈਆਂ। ਦਰਿਆ ਦੇ ਪਾਰ ਅਗਲੇ ਕਿਨਾਰੇ ਤੋਂ ਦੋਦਾ ਚੌਧਰੀ ਬੇਨਤੀ ਕਰਕੇ ਗੁਰੂ ਜੀ ਨੂੰ ਲੈ ਗਿਆ। ਬੜੀ ਸੇਵਾ ਕੀਤੀ। ਸਤਿ ਸੰਗਤ ਹੋਣ ਲੱਗ ਪਿਆ। ਇਹ ਥਾਂ ਬਟਾਲੇ ਤੋਂ ਸਿਆਲਕੋਟ, ਵੈਸ਼ਨੋ ਦੇਵੀ ਤੇ ਜੰਮੂ ਕਸ਼ਮੀਰ ਨੂੰ ਜਾਣ ਵਾਲੇ ਵੱਡੇ ਰਸਤੇ ਤੇ ਹੋਣ ਕਾਰਨ ਬਹੁਤ ਦੂਰ ਦੂਰ ਤੋਂ ਸੰਗਤਾਂ ਜੁੜਨ ਲੱਗ ਪਈਆਂ। ਚੌਧਰੀ ਦੋਦੇ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ "ਜਿੰਨੀ ਜ਼ਮੀਨ ਚਾਹੀਦੀ ਹੈ, ਮੱਲ ਲਵੋ ਤੇ ਏਥੋ ਹੀ ਧਰਮਸ਼ਾਲਾ ਬਣਾ ਕੇ ਜਗਤ ਨੂੰ ਤਾਰੋ।" ਗੁਰੂ ਜੀ ਮਹਾਰਾਜ ਨੇ ਇਸ ਧਰਤੀ ਤੇ ਧਰਮਸ਼ਾਲਾ ਬਣਾਈ ਤੇ ਸੰਨ 1521 ਵਿਚ ਕਰਤਾਰਪੁਰ ਵਸਾਇਆ। ਇਹ ਥਾਂ ਡੇਰਾ ਬਾਬਾ ਨਾਨਕ ਤੋਂ 2 ਮੀਲ ਦੇ ਫਾਸਲੇ ਤੇ ਹੈ ਤੇ ਹੁਣ ਪਾਕਿਸਤਾਨ ਵਿੱਚ ਹੈ।

ਸਾਲ 1521 ਤੋਂ 1538 ਤੱਕ ਗੁਰੂ ਜੀ ਮਹਾਰਾਜ ਕਰਤਾਰਪੁਰ ਰਹਿ ਕੇ ਖੇਤੀ ਕਰਾਉਂਦੇ ਹਨ। ਸਵਾ ਪਹਿਰ ਰਾਤ ਰਹਿੰਦੀ ਰਾਵੀ ਦਰਿਆ ਵਿਚ ਇਸ਼ਨਾਨ ਕਰਦੇ, ਦਿਨੇ ਸਮਾਂ ਮਿਲਣ ਤੇ ਅਜਿਤੇ ਰੰਧਾਵੇ ਦੇ ਖੂਹ ਤੇ ਭੀ ਸਮਾਧੀ ਅਸਥਿਤ ਹੁੰਦੇ।

ਕਰਤਾਰਪੁਰ ਤੋਂ ਹੀ 1526 ਵਿਚ ਏਮਨਾਬਾਦ ਗੁਰੂ ਮਹਾਰਾਜ ਜਾਂਦੇ ਹਨ ਤੇ ਇਥੇ ਬਾਬਰ ਨਾਲ ਭੇਂਟ ਹੁੰਦੀ ਹੈ। ਕਰਤਾਰਪੁਰ ਤੋਂ ਜਾ ਕੇ ਅੱਚਲ ਸਾਹਿਬ ਸਿੱਧਾਂ ਨਾਲ ਗੋਸ਼ਟ ਹੁੰਦੀ ਹੈ। ਇਸ ਬਾਬਤ ਭਾਈ ਗੁਰਦਾਸ ਜੀ ਲਿਖਦੇ ਹਨ-

*ਮੇਲਾ ਸੁਣ ਸ਼ਿਵਰਾਤ ਦਾ*
*ਬਾਬਾ ਅੱਚਲ ਬਟਾਲੇ ਆਈ।*
*ਦਰਸ਼ਨ ਦੇਖਣ ਕਾਰਨੇ ਸਗਲੀ*
*ਉਲਟ ਭਈ ਲੋਕਾਈ।*
*ਲੱਗੀ ਬਰਸਣ ਲੱਛਮੀ*
*ਰਿਧ ਰਿਧ ਨੌ ਨਿਧ ਸਵਾਈ।*
*ਭਗਤੀਆਂ ਪਾਈ ਭਗਤ ਆਣ*
*ਲੋਟਾ ਜੋਗੀ ਲਇਆ ਛਪਾਈ।*
*ਭਗਤੀਆਂ ਗਈ ਭਗਤ ਭੁਲ*
*ਲੋਟੇ ਅੰਦਰ ਸੁਰਤ ਭੁਲਾਈ।*
*ਬਾਬਾ ਜਾਣੀ ਜਾਣ ਪੁਰਖ ਕਢਿਆ*
*ਲੋਟਾ ਜਹਾਂ ਛੁਪਾਈ।*
*ਦੇਖ ਚਲਿਤਰ ਜੋਗੀ ਖੁਣਸਾਈ।*

ਏਥੋਂ ਹੀ ਜਾ ਕੇ ਮਹਾਰਾਜ ਸਿਆਲਕੋਟ ਹੰਮਜ਼ਾ ਗੌਂਸ ਨੂੰ ਤਾਰਦੇ ਹਨ।

ਗੁਰੂ ਅੰਗਦ ਜੀ ਮਹਾਰਾਜ ਏਥੇ ਹੀ 1531 ਵਿਚ ਸੇਵਾ 'ਚ ਹਾਜ਼ਰ ਹੋਏ ਸਨ। ਰੰਧਾਵਿਆਂ ਦਾ ਸਾਰਾ ਪਰਗਣਾ ਗੁਰੂ ਮਹਾਰਾਜ ਦਾ ਅੰਨਨ ਭਗਤ ਸੀ। ਸੋ ਇਹਨਾਂ ਵਿਚੋਂ ਬਾਬਾ ਬੁੱਢਾ ਜੀ 1529 ਦੇ ਲਗਭਗ ਗੁਰੂ ਜੀ ਦੀ ਸੇਵਾ 'ਚ ਹਾਜ਼ਰ ਹੋਏ ਤੇ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੱਕ ਗੁਰੂ ਘਰ ਦੇ ਮੁਖੀ ਸੇਵਕ ਰਹੇ। ਮਰਦਾਨਾ ਜੀ ਦਾ ਅੰਤਮ ਸਮਾਂ ਭੀ ਕਰਤਾਰਪੁਰ ਹੀ ਆਇਆ। ਮਹਾਰਾਜ ਜੀ ਨੇ ਮਰਦਾਨੇ ਨੂੰ ਆਖਿਆ, ਕਿ "ਮਰਦਾਨਿਆ! ਹੁਣ ਤੇਰਾ ਅੰਤਮ ਸਮਾ ਆ ਗਿਆ ਹੈ ਤੂੰ ਰਾਵੀ ਦੇ ਕੰਢੇ ਜਾ ਤੇ ਹਰ ਸਾਸ ਅੰਦਰ ਆਉਣ ਨਾਲ ਤੇ ਬਾਹਰ ਜਾਣ ਨਾਲ ਵਾਹਿਗੁਰੂ ਆਖੀ ਜਾ ਤੇ ਸੁਰਤੀ ਅਕਾਲ ਪੁਰਖ ਦੇ ਚਰਨਾਂ ਵਿਚ ਰੱਖ। ਤੇ ਜਦੋਂ ਇਸ ਤਰ੍ਹਾਂ ਕਰਦੇ ਕਰਦੇ ਤੂੰ ਪਰਾਨ ਤਿਆਗੇਂਗਾ ਤਾਂ ਉਥੇ ਹੀ ਅਸੀਂ ਤੈਨੂੰ ਜਲ ਪਰਵਾਹ ਕਰ ਦੇਵਾਂਗੇ।"

ਸੋ ਮਰਦਾਨਾ ਜੀ ਨੂੰ ਗੁਰੂ ਜੀ ਨੇ ਏਥੇ ਹੀ ਰਾਵੀ ਵਿਖੇ ਜਲ ਪਰਵਾਹ ਕਰ ਦਿੱਤਾ ਸੀ।

ਜੱਦ ਗੁਰੂ ਜੀ ਮਹਾਰਾਜ ਕਰਤਾਰਪੁਰ ਵਸਾ ਕੇ "ਪਹਿਰ ਸੰਸਾਰੀ ਕੱਪੜੇ ਮੰਜੀ ਬੈਠ ਕੀਆ ਪਰਚਾਰਾ" ਰਹਿਣ ਲੱਗੇ ਤਾਂ ਭਾਈ ਬਾਲੇ ਨੂੰ ਭੀ ਡੇਹਰਾ ਬਾਬਾ ਨਾਨਕ ਦੇ ਨਾਲ ਇਕ ਮੀਲ ਤੇ ਹੀ ਸੰਧਵਾਂ ਪਿੰਡ ਵਸਾ ਦਿੱਤਾ ਜੋ ਹੁਣ ਪਾਕਿਸਤਾਨ ਵਿਚ ਚਲਿਆ ਗਿਆ ਹੈ।

ਗੁਰੂ ਨਾਨਕ ਜੀ ਜਦ ਗੁਰਪੁਰੀ ਸੁਧਾਰੇ ਤਾਂ ਹਿੰਦੂ ਤੇ ਮੁਸਲਮਾਨ ਲੋਕਾਂ ਦੇ ਦੱਬਣ ਤੇ ਫੂਕਣ ਦੇ ਝਗੜੇ ਤੋਂ ਗੁਰੂ ਜੀ ਦਾ ਪੰਜ ਭੂਤਕ ਸਰੀਰ ਤਾਂ ਅਲੋਪ ਹੋ ਗਿਆ ਪਰ ਜਿਹੜੀ ਉਪਰ ਵਾਲੀ ਚਾਦਰ ਸੀ, ਉਹ ਅੱਧੀ ਹਿੰਦੂਆਂ ਨੇ ਲੈ ਕੇ ਫੂਕ ਕੇ ਭਬੂਤੀ ਸਾਗਰ ਵਿਚ ਪਾ ਕੇ ਦੱਬ ਦਿੱਤੀ ਤੇ ਮੁਸਲਮਾਨਾਂ ਨੇ ਨਾਲ ਹੀ ਅੱਧੀ ਚਾਦਰ ਦਫਨਾ ਦਿੱਤੀ।

ਸੰਨ 1583 ਈ: ਵਿਖੇ ਜਦ ਰਾਵੀ ਦਰਿਆ ਕਰਤਾਰ ਪੁਰ ਨੂੰ ਢਾਹ ਲਾਉਣ ਲੱਗਾ ਤਾਂ ਬਾਬਾ ਸ੍ਰੀ ਚੰਦ ਜੀ ਨੂੰ ਅਜਿਤੇ ਰੰਧਾਵੇ ਨੇ 111 ਏਕੜ ਜ਼ਮੀਨ, ਜਿਸ ਵਿਚ ਉਹ ਖੂਹ ਭੀ ਸੀ, ਜਿਥੇ ਗੁਰੂ ਨਾਨਕ ਸਾਹਿਬ ਪਹਿਲਾਂ ਆ ਕੇ ਬੈਠੇ ਸਨ, ਤੇ ਜਿਥੇ ਤਪੱਸਿਆ ਕਰਿਆ ਕਰਦੇ ਸਨ, ਅਰਦਾਸ ਕਰਵਾਈ। ਬਾਬਾ ਸ੍ਰੀ ਚੰਦ ਜੀ ਨੇ ਗੁਰੂ ਜੀ ਦੀ ਭਭੂਤੀ ਵਾਲੀ ਗਾਗਰ ਕਰਤਾਰ ਪੁਰ ਤੋਂ ਲਿਆ ਕੇ ਅਜਿਤੇ ਰੰਧਾਵੇ ਦੇ ਖੂਹ ਪਾਸ ਦੱਬ ਕੇ ਗੁਰੂ ਨਾਨਕ ਜੀ ਦਾ ਡੇਹਰਾ ਬਣਾ ਕੇ ਡੇਰਾ ਬਾਬਾ ਨਾਨਕ ਪਿੰਡ ਦੀ ਨੀਂਹ ਰੱਖ ਦਿੱਤੀ। ਬਾਬਾ ਸ੍ਰੀ ਚੰਦ ਜੀ ਪਹਿਲਾਂ ਹੀ ਆਪਣਾ ਨਿਵਾਸ ਜ਼ਿਆਦਾ ਟਾਹਲੀ ਸਾਹਿਬ, ਜੋ ਪੱਖੋਕੇ ਰੰਧਾਵਿਆਂ ਵਿਚ ਹੈ, ਹੀ ਰੱਖਦੇ ਸਨ। ਸੋ ਬਾਬਾ ਸ੍ਰੀ ਚੰਦ ਜੀ ਨੇ ਡੇਰਾ ਬਾਬਾ ਨਾਨਕ ਦਾ ਨਕਸ਼ਾ ਇਕ ਗੋਲ ਚੱਕਰ ਦਾ ਬਣਾਇਆ ਤੇ ਗੋਲ ਚੱਕਰ ਦੇ ਵਿਚਕਾਰ ਦੀ ਇਕ ਸੜਕ ਡੇਹਰਾ ਸਾਹਿਬ ਨੂੰ ਸੌਂਹੀ ਕੱਢਕੇ ਅੱਧਾ ਸ਼ਹਿਰ ਆਪਣੇ ਭਰਾ ਦੇ ਪੋਤਰੇ ਮਾਣਕ ਚੰਦ ਦੀ ਔਲਾਦ ਲਈ ਤੇ ਅੱਧਾ ਆਪਣੇ ਭਰਾ ਦੇ ਦੂਸਰੇ ਪੋਤਰੇ ਮੋਹਰ ਚੰਦ ਦੀ ਔਲਾਦ ਲਈ ਵੰਡ ਦਿੱਤਾ। ਬਾਬਾ ਸ੍ਰੀ ਚੰਦ ਜੀ ਦੀ ਆਯੂ 170 ਵਰਸ਼ ਦੀ ਹੋਈ ਹੈ। ਜੋ ਬਾਬਾ ਸ੍ਰੀ ਚੰਦ ਜੀ ਦੇ ਹੁੰਦਿਆਂ ਹੀ ਬਾਬਾ ਮੋਹਰ ਚੰਦ ਤੇ ਬਾਬਾ ਮਾਣਕ ਚੰਦ ਜੀ ਦੇ ਲੜਕਿਆਂ ਦੇ ਨਾਂ 'ਤੇ ਸਿੱਧੀਆਂ ਗਲੀਆਂ ਤੇ ਬਾਜ਼ਾਰ ਰੱਖਕੇ ਮਹੱਲੇ ਵੰਡ ਦਿੱਤੇ ਗਏ। ਸੋ ਹੁਣ ਤੱਕ ਡੇਰਾ ਬਾਬਾ ਨਾਨਕ ਦੇ ਸਾਰੇ ਮਹੱਲੇ ਬਾਬਾ ਲਖਮੀ ਦਾਸ ਜੀ ਦੀਆਂ ਪੜੋਤਰਿਆਂ ਦੇ ਨਾਮ 'ਤੇ ਹੀ ਵਸਦੇ ਹਨ ਤੇ ਉਨ੍ਹਾਂ ਦੀ ਔਲਾਦ ਹੀ ਹਾਲੇ ਤੱਕ ਇਥੇ ਵਸਦੀ ਹੈ। ਡੇਹਰਾ ਬਾਬਾ ਨਾਨਕ ਵਿਖੇ ਡੇਹਰੇ ਦੀ ਸੇਵਾ ਦੀਵਨ ਚੰਦੂ ਲਾਲ, ਜੋ ਕਲਾਨੌਰ ਦਾ ਰਹਿਣ ਵਾਲਾ ਸੀ ਤੇ ਨਵਾਬ ਹੈਦਰਾਬਾਦ ਦਾ ਦੀਵਾਨ ਸੀ, ਨੇ 1810 ਵਿਖੇ ਕਰਾਈ। ਇਥੇ ਸੋਹਣਾ ਮੰਦਰ ਬਣਵਾਇਆ।

ਸੰਨ 1827 ਵਿਖੇ ਜਦ ਮਹਾਰਾਜਾ ਰਣਜੀਤ ਸਿੰਘ ਇਥੇ ਦਰਸ਼ਨਾਂ ਨੂੰ ਆਏ, ਉਨ੍ਹਾਂ ਨੇ ਮੰਦਰ ਤੇ ਸੋਨਾ ਚੜ੍ਹਾਉਣ ਦੀ ਸੇਵਾ ਕੀਤੀ ਤੇ ਗੁਰੂ ਕੇ ਲੰਗਰ ਲਈ ਕਿਲਾ ਨੱਥੂ ਸਿੰਘ ਦੀ 500 ਘੁੰਮਾਂ ਜ਼ਮੀਨ ਡੇਹਰਾ ਸਾਹਿਬ ਦੇ ਨਾਂ ਲਾ ਦਿੱਤੀ। ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਨਾਨਕ ਜੀ ਦੀ ਅੰਸ਼ ਬੰਸ਼, ਜੋ ਇਥੇ ਤੇ ਬਾਹਰ ਵਸਦੀ ਸੀ, ਨੂੰ 2,87,000 ਰੁਪਏ ਦੀਆਂ ਜਾਗੀਰਾਂ ਲਾਈਆਂ। ਕੁਝ ਜਾਗੀਰਾਂ ਤੇ ਜ਼ਮੀਨਾਂ ਡੇਹਰਾ ਬਾਬਾ ਨਾਨਕ ਦੇ ਬੇਦੀ ਸਾਹਿਬਾਨ ਨੂੰ ਜੰਮੂ ਦੇ ਰਾਜਿਆਂ ਨੇ ਭੀ ਦਿੱਤੀਆਂ ਸਨ।

ਪਹਿਲੀ ਨਵੰਬਰ 1853 ਨੂੰ ਅੰਗਰੇਜ਼ੀ ਰਾਜ ਦੇ ਕਮਿਸ਼ਨਰ ਨੇ ਭੀ ਡੇਹਰਾ ਬਾਬਾ ਨਾਨਕ ਦੇ ਬੇਦੀ ਸਾਹਿਬਾਨ ਨੂੰ ਜਾਗੀਰਾਂ ਮਿਲਦੀਆਂ ਰਹੀਆਂ। ਇਹ ਸੰਨਦਾਂ ਸਭ ਬੇਦੀ ਸਹਿਬਾਨ ਪਾਸ ਹਨ।

***ਚੋਲਾ ਸਾਹਿਬ***

ਗੁਰੂ ਨਾਨਕ ਜੀ ਤੋਂ ਨੌਵੀਂ ਪੀੜ੍ਹੀ ਬਾਬਾ ਕਾਬਲੀ ਮੱਲ ਜੀ 1723 ਈ: ਵਿਖੇ ਪੈਦਾ ਹੋਏ। ਇਹ ਬੜੇ ਤਪੱਸਵੀ ਮਹਾਂਪੁਰਸ਼ ਸਨ। ਇਹ ਪ੍ਰਚਾਰ ਹਿਤ ਕਾਬਲ, ਕੰਧਾਰ, ਈਰਾਨ ਸਾਰੇ ਇਲਾਕੇ ਵੱਲ ਜਾਇਆ ਕਰਦੇ ਸਨ। ਗੁਰੂ ਨਾਨਕ ਸਾਹਿਬ ਜੀ ਨੇ ਜੋ ਚੋਲਾ ਮੱਕੇ, ਮਦੀਨੇ ਦੇ ਦੌਰੇ ਸਮੇਂ ਪਹਿਨਿਆ ਸੀ, ਉਹ ਗੁਰੂ ਅੰਗਦ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਪਾਸੋਂ ਹੁੰਦਾ ਹੋਇਆ, ਗੁਰੂ ਅਰਜਨ ਜੀ ਪਾਸ ਪੁੱਜਾ। ਈਰਾਨ ਦੇ ਸ਼ਹਿਰ ਅਸਫਾਨ ਤੋਂ ਕਾਰਸੇਵਾ ਵਾਸਤੇ ਅੰਮ੍ਰਿਤਸਰ ਆਈਆਂ ਸੰਗਤਾਂ ਦੀ ਸੇਵਾ ਤੋਂ ਗੁਰੂ ਅਰਜਨ ਜੀ ਨੇ ਅਤਿ ਪ੍ਰਸੰਨ ਹੋ ਕੇ ਗੁਰੂ ਨਾਨਕ ਜੀ ਵਾਲਾ ਚੋਲਾ ਨਿਸ਼ਾਨੀ ਤੇ ਸੇਵਾ ਸੰਭਾਲ ਵਾਸਤੇ ਬਖ਼ਸ਼ਿਆ। ਜੋ ਇਹ ਸੰਗਤਾਂ ਅਸਫਾਨ ਲੈ ਗਈਆਂ। ਸੋ ਬਾਬਾ ਕਾਬਲੀ ਮੱਲ ਜੀ ਪ੍ਰਚਾਰ ਲਈ ਜਦੋਂ ਅਸਫਾਨ ਗਏ ਤਾਂ ਉਥੋਂ ਇਹ ਚੋਲਾ ਸਾਹਿਬ ਵਾਪਸ ਲੈ ਆਏ ਤੇ 1790 ਦੇ ਮਾਰਚ ਮਹੀਨੇ ਵਿਚ (20 ਫਗਣ ਨੂੰ) ਡੇਰਾ ਬਾਬਾ ਨਾਨਕ ਲੈ ਆਏ। ਇਹ ਚੋਲਾ ਹੁਣ ਤੱਕ ਬਾਬਾ ਕਾਬਲੀ ਮੱਲ ਜੀ ਦੇ ਪੁੱਤਰਾਂ, ਬਾਬਾ ਸੁਖਬਾਸੀ ਰਾਏ ਦੀ ਔਲਾਦ ਬਾਬਾ ਦਲਜੀਤ ਸਿੰਘ ਪੰਦਰਵੀਂ ਪੀੜ੍ਹੀ (ਗੁਰੂ ਨਾਨਕ ਜੀ ਦੀ)। 2. ਬਾਬਾ ਸਹੰਸਪਤ ਦੀ ਔਲਾਦ ਬਾਬਾ ਅਨੂਪ ਸਿੰਘ ਜੀ ਪੰਦਰਵੀਂ ਪੀੜ੍ਹੀ। 3. ਬਾਬਾ ਵਸਤੀ ਰਾਮ ਦੀ ਔਲਾਦ ਬਾਬਾ ਬਲਵੰਤ ਸਿੰਘ ਜੀ ਪੰਦਰਵੀਂ

ਪੀੜ੍ਹੀ ਪਾਸ ਹੈ। ਇਹ ਤਿੰਨੇ ਘਰ ਵਾਰੀ-ਵਾਰੀ ਤਿੰਨ-ਤਿੰਨ ਮਹੀਨੇ ਚੋਲਾ ਸਾਹਿਬ ਦੇ ਦਰਸ਼ਨ ਕਰਾਉਂਦੇ ਹਨ ਤੇ 20 ਫਗਣ ਨੂੰ ਹਰ ਸਾਲ ਚੋਲਾ ਸਾਹਿਬ ਦਾ ਮੇਲਾ ਲਗਦਾ ਹੈ, ਜਿਥੇ ਲੱਖਾਂ ਦੀ ਗਿਣਤੀ ਵਿਚ ਲੋਕ ਦਰਸ਼ਨਾਂ ਨੂੰ ਆਉਂਦੇ ਹਨ।

ਬਾਬਾ ਕਾਬਲੀ ਮੱਲ ਜੀ ਦੇ ਪੁੱਤਰ ਸੁਖਬਾਸੀ ਰਾਏ ਜੀ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਭਾਰੀ ਜਾਗੀਰ ਦਿੱਤੀ ਤੇ 1-11-1853 ਨੂੰ ਅੰਗਰੇਜ਼ਾਂ ਨੇ ਬਾਬਾ ਸੁਖਬਾਸੀ ਰਾਏ ਜੀ ਦੇ ਪੁੱਤਰਾਂ ਹੋਸ਼ਨਾਕ ਚੰਦ ਨੂੰ ਤੇ ਮੰਗਾ ਸਿੰਘ ਦੇ ਲੜਕਿਆਂ ਨੂੰ ਜਾਗੀਰਾਂ ਦਿੱਤੀਆਂ। ਇਹ ਸੰਨਦਾਂ ਇਨ੍ਹਾਂ ਪਾਸ ਹੁਣ ਭੀ ਹਨ।

ਬੇਦੀ ਸਾਹਿਬਜ਼ਾਦਿਆਂ ਦੇ ਸਾਰੇ ਖਾਨਦਾਨਾਂ ਦਾ ਮੁੱਢ ਡੇਰਾ ਬਾਬਾ ਨਾਨਕ ਹੀ ਹੈ। ਜਿਸ ਤਰ੍ਹਾਂ ਕਿ :

1. ਗੁਰੂ ਨਾਨਕ ਸਾਹਿਬ ਜੀ 2. ਬਾਬਾ ਲਖਮੀ ਦਾਸ ਜੀ 3. ਬਾਬਾ ਧਰਮ ਚੰਦ ਜੀ 4. ਬਾਬਾ ਮਾਣਕ ਚੰਦ ਜੀ 5. ਬਾਬਾ ਦਾਤਾਰ ਚੰਦ ਜੀ 6. ਬਾਬਾ ਪਹਾੜ ਚੰਦ ਜੀ 7. ਬਾਬਾ ਨਿਹਾਲ ਚੰਦ ਜੀ 8. ਬਾਬਾ ਕਲਾਧਾਰੀ ਜੀ 9. ਬਾਬਾ ਅਜੀਤ ਸਿੰਘ ਜੀ 10. ਬਾਬਾ ਸਾਹਿਬ ਸਿੰਘ ਤੇ ਬਾਬਾ ਮਹਿਬੂਬ ਸਿੰਘ, ਬਾਬਾ ਸਰਖੇਮ ਸਿੰਘ ਸਿੰਘ ਜੀ ਊਨਾ ਸਾਹਿਬ ਵਾਲੇ, ਬਾਬਾ ਹਰਦਿੱਤ ਸਿੰਘ ਜੀ, ਬਾਬਾ ਮਧੂਸੂਦਨ ਸਿੰਘ ਜੀ, ਟਿੱਕਾ ਜਗਜੀਤ ਸਿੰਘ, ਕੰਵਰ ਸੁਰਿੰਦਰ ਸਿੰਘ, ਕੰਵਰ ਮਹਿੰਦਰ ਸਿੰਘ। ਬਾਬਾ ਸਰਬਜੋਤ ਸਿੰਘ।

*ਸੰਚਾਲਕ ਸੂਚਨਾ ਤੇ ਪ੍ਰਚਾਰ ਵਿਭਾਗ, ਪੰਜਾਬ*

# ਸਿੱਖਇਜ਼ਮ ਦਾ ਪ੍ਰਚਾਰ


**ਕਰਤਾਰ ਸਿੰਘ ਗੋਸ਼ਟੀ**

ਐਚ ਐਮ-319, ਫੇਜ਼ 9
ਮੁਹਾਲੀ


ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਇਸ ਦੇਸ਼ ਦੀ ਸਿਆਸੀ ਸਮਾਜੀ ਤੇ ਧਾਰਮਕ ਹਾਲਤ ਦਾ ਬਿਆਨ ਗੁਰਬਾਣੀ ਵਿੱਚ ਇਸ ਤਰ੍ਹਾਂ ਦਰਜ ਹੈ। "ਕਲ ਕਾਤੀ ਰਾਜੇ ਕਸਾਈ ਧਰਮ ਪੰਖ ਕਰ ਉਡਰਿਆ ਕੂੜ ਅਮਾਵਸ ਸਚ ਚੰਦਰਮਾ ਦੀਸੈ ਨਾਹੀ ਕੈ ਚੜਿਆ।" ਧਰਮ ਦੇ ਨਾਉਂ ਤੇ ਕਰਮ ਕਾਂਡਾਂ ਦਾ ਬੋਲਬਾਲਾ ਸੀ। ਹਿੰਦੂ ਧਰਮ ਅਤੇ ਇਸਲਾਮ ਵਿੱਚ ਬਾਵਜੂਦ ਚੰਗੇ ਉਪਦੇਸ਼ ਹੁੰਦਿਆਂ ਬ੍ਰਾਹਮਣ ਤੇ ਮੌਲਵੀਆਂ ਨੇ ਆਪਣੇ ਆਪਣੇ ਸਮਾਜ ਨੂੰ ਫਜ਼ੂਲ ਰਸਮ ਰਵਾਜਾਂ ਮਨੌਤਾਂ ਵਿੱਚ ਪਾ ਰੱਖਿਆ ਸੀ। ਲੁਕਾਈ ਦੇ ਕਲਿਆਣ ਲਈ ਗੁਰੂ ਨਾਨਕ ਸਾਹਿਬ ਨੇ ਬਹੁਤ ਹੀ ਸਾਦਾ, ਸਮਝ ਆਉਣ ਵਾਲੇ ਅਤੇ ਜੀਵਨ ਲਈ ਸੁਖਦਾਈ ਅਸੂਲ ਬਣਾਏ ਜਿਨ੍ਹਾਂ ਨੂੰ ਅਜੋਕੀ ਸ਼ਬਦਾਵਲੀ ਵਿੱਚ ਗੁਰਮਤਿ ਕਹਿੰਦੇ ਹਾਂ। ਇਮਾਨਦਾਰੀ ਦੀ ਕਿਰਤ ਕਰੋ, ਲੋੜਵੰਦਾਂ ਦੀ ਮੱਦਦ ਕਰੋ, ਕਿਸੇ ਨੂੰ ਵੱਡਾ ਛੋਟਾ ਨਾ ਆਖੋ, ਕਿਸੇ ਦਾ ਹੱਕ ਨਾ ਮਾਰੋ, ਜ਼ੁਲਮ ਦਾ ਟਾਕਰਾ ਕਰੋ ਤੇ ਸਮਾਜ ਦੇ ਦੁਖ ਸੁਖ ਦੇ ਸਾਂਝੀਵਾਲ ਬਣੋ ਤੇ ਇਹਨਾਂ ਅਸੂਲਾਂ ਤੇ ਅਮਲ ਕਰਦਿਆਂ ਅਕਾਲ ਪੁਰਖ ਵਾਹਿਗੁਰੂ ਦਾ ਸ਼ੁਕਰਾਨਾ ਕਰੋ। ਇਨ੍ਹਾਂ ਅਸੂਲਾਂ ਤੇ ਪਹਿਰਾ ਦੇਂਦਿਆਂ, ਅਮਲ ਕਰਦਿਆਂ ਦਸ ਜਾਮਿਆਂ ਵਿੱਚ ਗੁਰੂ ਨਾਨਕ ਸਾਹਿਬ ਦੇ ਮੱਤ ਦਾ ਪਰਚਾਰ ਹੋਇਆ। ਦੇਸ਼ ਵਿਦੇਸ਼ ਵਿੱਚ ਪੈਦਲ ਚਲ ਚਲ ਕੇ ਗੁਰੂ ਨਾਨਕ ਸਾਹਿਬ ਨੇ 12 ਸਾਲ ਲੁਕਾਈ ਤੱਕ ਪਹੁੰਚ ਕੀਤੀ। ਸੱਚੇ ਸੁਚੇ ਅਸੂਲ ਲੋਕਾਂ ਨੂੰ ਪਿਆਰੇ ਲੱਗੇ। ਸੰਗਤਾਂ ਬਣਨੀਆਂ ਸ਼ੁਰੂ ਹੋਈਆਂ ਸਿੱਖ ਕੌਮ ਉਸਰਨ ਲੱਗੀ। ਕੂੜ ਪ੍ਰਸਤ ਲੋਕਾਂ ਨੇ ਵਿਰੋਧ ਕੀਤਾ, ਗੁਰੂ ਸਾਹਿਬਾਨ ਅਤੇ ਗੁਰੂ ਦੇ ਸਿੱਖਾਂ ਤੇ ਜ਼ੁਲਮ ਵੀ ਕੀਤਾ; ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਅਤੇ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ਼ ਬਹਾਦਰ ਨੇ ਜਨੂੰਨੀ ਹੁਕਮਰਾਨਾਂ ਦੇ ਤਸੀਹਾਂ ਹੇਠਾ ਸ਼ਹੀਦੀਆਂ ਪਾਈਆਂ। ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਜ਼ੁਲਮ ਵਿਰੁੱਧ ਹਥਿਆਰ ਚੁੱਕੇ ਤੇ ਜੰਗਾਂ ਲੜ ਕੇ ਜਰਵਾਣਿਆਂ ਨੂੰ ਭਾਂਜ ਦਿੱਤੀ। ਟਾਕਰੇ ਦਾ ਸਿਲਸਲਾ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਮੇਂ ਸਿਖਰ ਤੇ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਨਾ ਕੀਤੀ ਤੇ ਹਥਿਆਰਬੰਦ ਹੋ ਕੇ ਜ਼ੁਲਮ ਦਾ ਟਾਕਰਾ ਕੀਤਾ। ਚਾਰੇ ਸਾਹਿਬਜ਼ਾਦੇ ਵਾਰੇ ਗਏ ਅਨੇਕਾਂ ਸਿੱਖਾਂ ਪਿਆਰਿਆਂ ਨੇ ਸਰੀਰਾਂ ਦੀ ਬਲੀ ਦਿੱਤੀ। ਅੰਤ ਸੱਚ ਦੀ ਜਿੱਤ ਹੋਈ ਜਰਵਾਣੇ ਭੱਜ ਗਏ ਅਸੀਂ ਆਪਣੀ ਧਰਤੀ ਦੇ ਮਾਲਕ ਬਣੇ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਰਾਜ ਭਾਗ ਦੇ ਮਾਲਕ ਬਣੇ। "ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ" ਵਾਲੀ ਹਾਲਤ ਖ਼ਤਮ ਹੋ ਗਈ। ਇਨ੍ਹਾਂ ਕੁਰਬਾਨੀਆਂ ਸਦਕਾ ਅੱਜ ਦੋ ਕਰੋੜ ਤੋਂ ਵੱਧ ਗਿਣਤੀ ਵਾਲੀ ਮਾਨਵਰ ਸਿੱਖ ਕੌਮ ਹਾਂ। ਦੇਸ਼ ਵਿਦੇਸ਼ਾਂ ਵਿੱਚ ਸਾਡੀ ਪਹਿਚਾਣ ਹੈ, ਮਾਨਵ ਭਾਈਚਾਰੇ ਵਿੱਚ ਇੱਜ਼ਤ ਵਾਲਾ ਥਾਂ ਹੈ, ਕੋਠੀਆਂ, ਕਾਰਾਂ ਦੇ ਮਾਲਕ ਹਾਂ। ਰਾਜ ਭਾਗ ਵਿੱਚ ਸਾਡੀ ਭਾਈਵਾਲੀ ਹੈ। ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਸਾਡਾ ਚਾਨਣ ਮੁਨਾਰਾ ਹਨ।

ਦੁਨੀਆਦਾਰੀ ਦੇ ਸੁਖ ਮਾਣਦਿਆਂ ਚਾਹੀਦਾ ਤਾਂ ਇਹ ਸੀ ਕਿ ਧਰਮ ਪੱਖੋਂ ਅਸੀਂ ਅੱਗੇ ਨਾਲੋਂ ਵਧੇਰੇ ਮਜ਼ਬੂਤ ਹੁੰਦੇ। ਗੁਰੂ ਮਹਾਰਾਜ ਵਲੋਂ ਸਾਜਿਆ ਪੰਥ ਵਧੇਰੇ ਅਸੂਲ ਪ੍ਰਸਤ ਹੁੰਦਾ ਪਰ ਐਸਾ ਹੋਇਆ ਨਹੀਂ। ਵਰਤਮਾਨ ਕਿਹੋ ਜਿਹਾ ਹੈ। ਧਰਮ ਦੇ ਨਾਉਂ ਤੇ ਸਿਆਸੀ, ਸਮਾਜੀ ਤੇ ਧਾਰਮਿਕ ਲੀਡਰ ਹਦ ਦਰਜੇ ਦੀ ਨਿਵਾਣਾ ਵਿੱਚ ਜਾ ਡਿੱਗੇ ਹਨ। ਸਮਝ ਨਹੀਂ ਆਉਂਦੀ ਕਿ ਪੰਜਾਬ, ਜਿਥੇ ਗੁਰੂ ਸਾਹਿਬਾਨ ਜੰਮੇ ਪਲੇ, ਜਿਥੇ ਸਿੱਖੀ ਸਿਧਾਂਤ ਉਭਰੇ ਤੇ ਪ੍ਰਫੁਲਤ ਹੋਏ, ਜਿੱਥੇ ਸ੍ਰੀ

ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਵਰਗੀਆਂ ਮਾਨਵਰ ਸਿੱਖ ਸੰਸਥਾਵਾਂ ਹਨ, ਕਰੋੜਾਂ ਦੀਆਂ ਲਾਗਤਾਂ ਨਾਲ ਉਸਾਰੇ ਹਜ਼ਾਰਾਂ ਗੁਰਦੁਵਾਰੇ ਹਨ, ਪ੍ਰਚਾਰ ਸੰਸਥਾਵਾਂ, ਸਿੰਘ ਸਭਾਵਾਂ ਸੁਬਾ-ਸ਼ਾਮ ਦੇ ਕਥਾ ਕੀਰਤਨ ਤੇ ਅਜੋਕੇ ਯੁਗ ਦੇ ਪਰਚਾਰ ਵਾਹਨ ਕੀਰਤਨ ਦਰਬਾਰਾਂ ਦੀ ਭਰਮਾਰ ਹੈ, ਹਜ਼ਾਰਾਂ ਦੀ ਗਿਣਤੀ ਵਾਲੇ ਨਗਰ ਕੀਰਤਨ, ਜੋੜ ਮੇਲੇ, ਗੁਰਪੁਰਬਾਂ ਦੇ ਵੱਡੇ ਇਕੱਠ, ਕਰੋੜਾਂ ਦੇ ਖਰਚਿਆਂ ਰਾਹੀਂ ਲੰਗਰ ਚੱਲ ਰਹੇ ਹਨ। ਪਰ ਗੁਰੂ ਦਾ ਸੁਨੇਹਾ ਸਾਡੇ ਤੱਕ ਨਹੀਂ ਅਪੜਿਆ। ਕੌਮ ਦੇ ਵਾਰਸਾਂ ਵਿੱਚ ਸਿੱਖੀ ਚਲਨ ਦੀ ਖੁਸ਼ਬੂ ਨਹੀਂ ਮਹਿਕੀ। ਹੁਣ ਤਾਂ ਸਿੱਖੀ ਦੇ ਵਾਰਸਾਂ ਨੌਜਵਾਨ ਪੀੜੀ ਵਿੱਚੋਂ ਸਿੱਖੀ ਦੀ ਸ਼ਕਲ ਵੀ ਅਲੋਪ ਹੋ ਚੱਲੀ ਹੈ। ਸ਼ਰਾਬਾਂ, ਨਸ਼ੇ ਘਰ ਘਰ ਵੜ ਗਏ ਹਨ। ਸੰਤਾਂ ਸਾਧਾਂ ਨੇ ਗੁਰੂਡੰਮ ਚਲਾ ਕੇ ਸਿੱਖ ਸਿਧਾਂਤ ਨੂੰ ਗੰਧਲਾ ਕਰ ਦਿੱਤਾ ਹੈ। ਫਿਰ ਸੱਚ ਜਾਣੀਏ, ਪਰਚਾਰ ਨਹੀਂ ਹੋ ਰਿਹਾ। ਸਿੱਖ ਕੌਮ ਜਾਗਰੂਕ ਹੋਵੇ ਆਪਣੀ ਸਹੀ ਲੀਡਰਸ਼ਿਪ ਪੈਦਾ ਕਰੇ। ਆਪਣੇ ਆਪ ਬਣੇ ਬੇਅਸੂਲੇ ਕੁਰਪਟ ਤੇ ਬਹੁਰੂਪੀਏ ਲੀਡਰਾਂ ਦਾ ਹੂੰਝਾਂ ਫੇਰ ਦਿੱਤਾ ਜਾਵੇ ਜਿਨ੍ਹਾਂ ਨੂੰ 30-30 ਸਾਲ ਦੀ ਲਾਇਲਟੀ ਦੇ ਕੇ ਲੀਡਰ ਮੰਨਿਆਂ ਉਹ ਸਾਰੇ ਪਾਖੰਡੀ ਧੋਖੇਬਾਜ ਕੁੰਬਾਪਰਸਤ ਸਾਬਤ ਹੋਏ। ਕਿੱਥੇ ਹਨ ਪੰਥ ਦੇ ਆਗੂ ਐਮ ਐਲ ਏ ਸ਼੍ਰੋਮਣੀ ਕਮੇਟੀ ਦੇ ਮੈਂਬਰ ਜੋ ਬਿਖੜੇ ਪਈ ਲੀਡਰਸ਼ਿਪ ਨੂੰ ਰੋਕ ਪਾਉਂਦੇ ਹੱਥ ਜੋੜ ਕੇ ਬੇਨਤੀ ਵੀ ਨਾ ਕਰ ਸਕੇ ਕਿ ਆਗੂਓ ਕਿੱਥੇ ਲੈ ਚਲੇ ਹੋ। ਗੁਰੂ ਰੂਪ ਸਾਧ ਸੰਗਤ ਜੀ ਆਪਣੀਆਂ ਮਾਨਵਰ ਸੰਸਥਾਵਾਂ ਦੀ ਸਾਰ ਲਵੋ। ਫਿਰ ਤੋਂ ਅਕਾਲੀ ਦਲ ਸ਼੍ਰੋਮਣੀ ਕਮੇਟੀ ਸ੍ਰੀ ਅਕਾਲ ਤਖ਼ਤ ਦੀ ਅਜ਼ਮਤ ਬਹਾਲ ਕਰੋ। ਪਰਚਾਰ ਦੀ ਸਹੀ ਵਿਧੀ ਲੱਭੋ।

ਆਪਣੀਆਂ ਅਖਬਾਰਾਂ ਰਸਾਲੇ ਪੈਦਾ ਕਰੋ, ਟੈਲੀਵੀਜ਼ਨ ਚੈਨਲਾਂ ਪ੍ਰਚਾਰ ਲਈ ਵਰਤੋ। ਸਿੱਖ ਲਿਟ੍ਰੇਚਰ ਘਰ ਘਰ ਲਿਜਾਣ ਦੀ ਆਦਤ ਪਾਉ ਤੇ ਆਪਣੀ ਜਵਾਨ ਪੀੜ੍ਹੀ ਨੂੰ ਮੋੜ ਲਿਆਉ ਯੋਗ ਤੇ ਪੰਥ ਪ੍ਰਸਤ ਹੱਥਾਂ ਵਿੱਚ ਵਿਰਾਸਤ ਦਿਓ।



'Mool Mantra' in Guru Arjan Dev Ji's own hand

*With best compliments from a wellwisher*

# ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ

**ਸਤਿਬੀਰ ਸਿੰਘ**

ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ ਵਿਚੋਂ ਧੰਨਵਾਦ ਸਹਿਤ

ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਅਜਿਹੀ ਤਰਤੀਬ ਰੱਖੀ ਹੈ ਕਿ ਆਤਮਿਕ ਜਗਤ ਦਾ ਢੂੰਢਾਊ ਜੀਵ ਰਾਗਾਂ ਵਿਚੋਂ ਦੀ ਲੰਘਦਾ ਤੇ ਵਿਚਰਦਾ ਸਫਲਤਾ ਦੀ ਸੀੜ੍ਹੀ ਚੜ੍ਹ ਜਾਂਦਾ ਹੈ। ਨਿਰੋਲ ਨਵੀਨ ਰਾਗ ਪ੍ਰਣਾਲੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਇਸ ਪ੍ਰਣਾਲੀ ਦਾ ਕੋਈ ਸਬੰਧ ਕਿਸੇ ਸ਼ਾਸਤਰੀ, ਵੈਸ਼ਨਵ, ਭਾਰਤੀ ਜਾਂ ਇਸਲਾਮੀ ਪ੍ਰਥਾ ਨਾਲ ਨਹੀਂ। ਸਿਰਫ਼ ਇਹ ਜਾਣਨ ਤੇ ਸਮਝਣ ਨਾਲ ਕਿ ਪਹਿਲਾਂ ਸਿਰੀ ਰਾਗ ਕਿਉਂ ਹੈ ਅਤੇ ਅੰਤਲਾ ਗੁਰੂ ਅਰਜਨ ਦੇਵ ਜੀ ਨੇ ਪ੍ਰਭਾਤੀ ਕਿਉਂ ਰੱਖਿਆ, ਨਿਰੋਲ ਨਵੀਨਤਾ ਦਾ ਪਤਾ ਲੱਗ ਜਾਏਗਾ। ਪ੍ਰਥਮ ਰਾਗ 'ਭੈਰਉ ਵੈ ਕਰਹੀ' ਦਾ ਆਦੇਸ਼ ਰਾਗ ਮਾਲਾ ਵਿਚ ਹੈ ਪਰ ਇਥੇ ਪਹਿਲ ਸਿਰੀ ਨੂੰ ਹੈ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਤਲਾ ਰਾਗ ਪ੍ਰਭਾਤੀ ਰਖਿਆ ਸੀ।

ਸਿਰੀ ਰਾਗ ਸ਼ਾਮ ਦਾ ਰਾਗ ਹੈ। ਸਿਰੀ ਦਾ ਰੂਪ ਇਹ ਦਸਿਆ ਗਿਆ ਹੈ ਕਿ ਗਹਿਣਿਆਂ ਨਾਲ ਲੱਦੀ ਖੂਬਸੂਰਤ ਇਸਤਰੀ, 'ਸ ਤ੍ਰਯ ਭੂਖਨ ਅੰਗ ਸ਼ੁਭ।' ਫਿਰ ਸਿਰੀ ਬਾਰੇ ਇਹ ਵੀ ਪ੍ਰਚਲਤ ਹੈ ਅਤਿ ਗਰਮੀ ਤੇ ਅਤਿ ਸਰਦੀ ਵਿਚ ਗਾਇਆ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਇਹ ਹੋਕਾ ਦੇ ਰਹੇ ਹਨ ਕਿ ਜਦ ਗੁਰੂ ਨਾਨਕ ਜੀ ਆਏ, ਗੁਣਾਂ ਦੀ ਸ਼ਾਮ ਪੈ ਗਈ ਸੀ। ਲੰਮੀ ਰਾਤ ਅਗੋਂ ਦਿੱਸ ਰਹੀ ਸੀ। ਹੱਥ ਨੂੰ ਹੱਥ ਸੁਝਾਈ ਨਹੀਂ ਸੀ ਦੇਂਦਾ। ਨਾਂਹ ਕੋਈ ਦੀਵਾ ਅਤੇ ਨਾਂਹ ਹੀ ਕੋਈ ਰਾਹ ਦਾ ਚਾਨਣ ਸੀ। ਟੁਰਨ ਵਾਲਾ ਸਫ਼ਰੀ ਜਾਂ ਅਤਿ ਗਰਮੀ ਦਾ ਮਾਰਿਆ ਸੀ ਜਾਂ ਅਤਿ ਸਰਦੀ ਦਾ। ਜਾਂ ਅਤਿ ਕਰੋਧੀ ਸੀ ਜਾਂ ਅਤਿ ਕੋਰਾ। ਜਾਂ ਜਾਬਰ ਸੀ ਜਾਂ ਕਾਇਰ। ਜਾਂ ਲੁੱਟ-ਖਸੁੱਟ ਸੀ ਜਾਂ ਕੋਈ ਇਹ ਕਹਿ ਰਿਹਾ ਸੀ: ਸਾਨੂੰ ਕੀ? ਕਾਮ ਦਾਮ ਧਾਮ ਚਾਮ ਵਿਚ ਹੀ ਮਸਤ ਸੀ ਸਭ ਜਗਤ। ਜਗਤ ਵਿਚ ਨਾਮ ਵਰਗੀ ਕੋਈ ਚੀਜ਼ ਉਸ ਪਾਸ ਨਹੀਂ ਸੀ। ਲਿਵ ਵਰਗੀ ਸ਼ੈ ਉਹ ਜਾਣਦਾ ਨਹੀਂ ਸੀ। ਹਰ ਵਸਤੂ ਨੂੰ ਮਾਇਆ ਕਹਿ ਕਹਿ ਇਨਸਾਨ ਨੂੰ ਡਰਾ ਦਿੱਤਾ ਜਾਂਦਾ ਸੀ ਅਤੇ ਤ੍ਰਹ ਜਾਂਦਾ ਸੀ ਨਿਮਾਣਾ ਜੀਵ।

ਸੋ ਸਿਰੀ ਰਾਗ ਗਾਇਆ ਗੁਰੂ ਬਾਬੇ ਨੇ। ਦੱਸਿਆ ਕਿ ਇਹ ਮੋਤੀਆਂ ਨਾਲ ਜੜੇ ਮਹੱਲ, ਸੋਹਣੀ ਮੁੱਖ ਮੋਹਣੀ ਤੀਵੀਂ, ਵੱਡੇ ਰਾਜ ਤੇ ਦੇਖਣ ਨੂੰ ਸਿਧੀਆਂ, ਮਾਇਆ ਨਹੀਂ ਹਨ। ਮਾਇਆ ਹੈ: 'ਉਸ ਨੂੰ ਵਿਸਰ ਜਾਣਾ, ਭੁਲ ਜਾਣਾ।' ਜੇ ਉਹ ਯਾਦ ਹੈ ਤਾਂ ਮਾਇਆ ਨਹੀਂ ਵਾਪਰਦੀ। ਇਹ ਤਾਂ ਫਸੌਤੀ ਹੈ ਜੋ ਪ੍ਰੋਹਿਤਾਂ, ਪਾਂਡਿਆਂ, ਮੁਲਾਣਿਆਂ ਨੇ ਪਾਈ ਹੈ। ਜੇ ਕੋਈ ਮਹਲਾਂ ਜਹੇ ਘਰਾਂ ਵਿਚ ਰਹਿ ਗ੍ਰਹਿਸਤ ਨਿਬਾਹ ਰਿਹਾ ਹੈ; ਸਿੰਘਾਸਨ ਤੇ ਬੈਠਿਆਂ ਧਰਮ ਕਮਾ ਰਿਹਾ ਹੈ, ਰਿਧੀ ਸਿਧੀ ਪਾ ਕੇ ਵੀ ਪ੍ਰਭੂ ਨੂੰ ਵਿਸਾਰਿਆ ਨਹੀਂ ਤਾਂ ਕੋਈ ਖੱਦਸ਼ਾ ਨਹੀਂ। ਇਹ ਠੇਡਾ ਤਾਂ ਲੱਗ ਰਿਹਾ ਹੈ ਕਿਉਂਕਿ ਦੀਵਾ ਨਹੀਂ ਬਾਲਿਆ। ਦੀਵਾ ਨਹੀਂ ਬਲਦਾ ਬਗੈਰ ਤੇਲ ਦੇ ਅਤੇ ਲਾਟ ਨਹੀਂ ਨਿਕਲਦੀ ਬਿਨਾਂ ਵੱਟੀ ਤੋਂ। ਭਉ ਦੀ ਵੱਟੀ, ਸ਼ਬਦ ਰੂਪੀ ਤੇਲ ਅਤੇ ਸੱਚ ਦੀ ਤੀਲੀ ਬਾਲਿਆਂ ਰਾਹ ਰੌਸ਼ਨ ਹੋ ਜਾਂਦਾ ਹੈ। ਲੰਮੀ ਉਮਰ ਰੂਪੀ ਰਾਤ ਵਿਚ ਜੋ-ਜੋ ਵੀ ਜਗਿਆਸੂ ਨਾਲ ਬੀਤਣੀ ਹੈ, ਉਸ ਨੂੰ ਰਾਗਾਂ ਦੀ ਨਿਰਾਲੀ ਤਰਤੀਬ ਰਾਹੀਂ ਗੁਰੂ ਗ੍ਰੰਥ ਸਾਹਿਬ ਵਿਚ ਦਰਸਾ ਦਿੱਤਾ ਹੈ।

ਰਾਹ ਦੋ ਹਨ, ਜਗਤ ਦੇ ਸਾਹਮਣੇ : ਇਕ ਲਿਵ ਦਾ, ਦੂਜਾ ਧਾਤ ਦਾ। ਇਕ ਰੂਹ ਦਾ, ਇਕ ਜਿਸਮ ਦਾ। ਇਕ ਸੂਖਮ ਤੇ ਦੂਜਾ ਸਥੂਲ। ਇਕ ਪਦਾਰਥ ਦਾ ਤੇ ਦੂਜਾ ਪਰਮਾਰਥ ਦਾ। ਇਕ ਵਾਤਾਵਰਣ ਦਾ, ਦੂਜਾ ਵਰਤੇ ਜਾਣ ਦਾ। ਇਕ ਭਜ-ਦੌੜ ਦਾ, ਦੂਜਾ ਟਿਕਾਅ ਦਾ, ਧਾਤ ਨੂੰ ਲਿਤਾੜ, ਮਾਰ, ਉਸ ਤੇ ਸਵਾਰ ਹੋ ਲਿਵ

ਰਾਹੀਂ ਪ੍ਰਭੂ ਕੋਲ ਪੁੱਜਣਾ ਹੈ। ਧਾਤ ਨੂੰ ਲਿਤਾੜਦੇ ਸਾਰ ਹੀ ਪ੍ਰਭਾਤ ਦੀ ਕਿਰਣ ਦਿਸ ਜਾਏਗੀ। ਸਭ ਦੇ ਸਾਹਮਣੇ ਆਤਮਾ ਡੰਕੇ ਵਜਾਂਦੀ ਜੈ ਜੈ ਵੰਤੀ ਦੀ ਮਾਲਾ, ਗਲ ਹਾਰ ਪਾ ਪ੍ਰਭੂ ਦਰ ਦਾਖ਼ਲ ਹੋਵੇਗੀ।

ਇਹ ਵੀ ਕਹਿੰਦੇ ਹਨ ਕਿ ਸਿਰੀ ਰਾਗ ਦਾ ਇਕ ਰੂਪ ਇਹ ਹੈ ਕਿ ਪ੍ਰੇਮੀ ਆਪਣੀ ਪ੍ਰੇਮਿਕਾ ਲਈ ਖਿੜੇ ਬਾਗ਼ ਵਿਚੋਂ ਫੁਲ ਚੁਣ ਕੇ ਗੁਲਦਸਤਾ ਬਣਾਂਦਾ ਹੈ ਤਾਂ ਕਿ ਉਹ ਰੀਝੇ। ਮਨ ਰੂਪੀ ਬਾਗ਼ ਵਿਚੋਂ ਸ਼ਰਧਾ ਅਤੇ ਪ੍ਰੇਮ ਲੈ ਆਤਮਿਕ ਸਫ਼ਰ ਤੇ ਟੁਰਨਾ ਹੈ। ਸਿਰੀ ਰਾਗ ਮੁੜ-ਸੁਰਜੀਤੀ ਦਾ ਵੀ ਰਾਗ ਹੈ। ਇਨਕਲਾਬ ਦਾ ਸੂਚਕ ਹੈ। ਮੁਰਦਿਆਂ ਨੂੰ ਜੀਵਾਲਨ ਵਾਲੀ ਸ਼ਕਤੀ, ਕਹਿੰਦੇ ਹਨ, ਇਸ ਰਾਗ ਵਿਚ ਹੈ।

ਬਾਣੀ ਪੜ੍ਹਦਿਆਂ ਮੇਰਾ ਯਕੀਨ ਬੱਝਾ ਹੈ ਕਿ ਜੇਕਰ ਕਿਸੇ ਵੇਲੇ ਸ਼ਬਦ ਦੇ ਭਾਵ ਦਾ ਪਤਾ ਨ ਵੀ ਲੱਗੇ ਤਾਂ ਕੇਵਲ ਇਹ ਮਾਲੂਮ ਹੋ ਜਾਣ ਤੇ ਕਿ ਕਿਸ ਰਾਗ ਦਾ ਸ਼ਬਦ ਹੈ ਤਾਂ ਭਾਵ-ਅਰਥ ਪ੍ਰਗਟ ਹੋ ਜਾਏਗਾ। ਕਿਉਂਕਿ ਰਾਗ ਦਾ ਅਰਥ ਹੀ ਇਹ ਹੈ, ਜੋ ਮਨ ਨੂੰ ਕਿਸੇ ਭਾਵ ਵਿਚ ਲੈ ਜਾ ਕੇ ਰੰਗ ਦੇਵੇ। ਹੋਰ, ਹਰ ਰਾਗ ਦਾ ਸੁਭਾਅ, ਰਾਗ ਦੇ ਪਹਿਲੇ ਸ਼ਬਦ ਵਿਚ ਹੈ। ਜੋ ਰਾਗ ਦਾ ਸਰੂਪ ਸੰਗੀਤ-ਵੇਤਿਆਂ ਨੇ ਮਿੱਥਿਆ, ਉਸ ਨੂੰ ਸ਼ਬਦ ਵਿਚੋਂ ਹੀ ਢੂੰਡਿਆ ਜਾ ਸਕਦਾ ਹੈ। ਜ਼ਰਾ ਗਹੁ ਨਾਲ ਦੇਖਿਆ ਇਹ ਰਹੱਸ ਖੁਲ੍ਹਣਾ ਆਰੰਭ ਹੋ ਜਾਏਗਾ।

ਸੋ ਪਹਿਲਾਂ ਇਹ ਹੀ ਜਚੇਗਾ ਕਿ ਆਤਮਿਕ ਸਫ਼ਰ ਜੋ ਆਤਮਾ ਨੇ ਕਰਕੇ ਪ੍ਰਭਾਤ ਚਾੜ੍ਹਨੀ ਹੈ ਤੇ ਲਿਵ, ਯਾਦ ਅਤੇ ਸਿਮਰਨ ਰਾਹੀਂ ਨਾਮ ਪ੍ਰਗਟਾਉਣਾ ਹੈ, ਉਸ ਨੂੰ ਦੇਖ ਲਿਆ ਜਾਏ। ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਇਥੇ ਅਧਿਆਇ ਵਿਚਾਰਾਂ ਜਾਂ ਸਮੇਂ ਦੇ ਹਾਵ-ਭਾਵ ਦੇ ਆਧਾਰ ਦੇ ਨਹੀਂ ਰੱਖੇ, ਸਗੋਂ ਰਾਗ ਅਨੁਸਾਰ ਹਨ। ਕੁਰਾਨ ਮਜੀਦ ਵਿਚ ਹਰ ਸੂਰਾ (ਅਧਿਆਇ) ਦੇ ਉਤੇ ਹੀ ਸੰਕੇਤ ਹੈ ਕਿ ਇਲ੍ਹਾਮ ਕਿਥੇ ਤੇ ਕਿਸ ਅਵਸਥਾ (ਸ਼ਾਨਿ-ਨਜ਼ੂਲ) ਵਿਚ ਹੋਇਆ। ਇਥੇ ਇਕ ਰਸ ਲਗਾਤਾਰ ਹੈ, ਆਤਮਾ ਦਾ ਸਫ਼ਰ ਹੈ। ਬਾਣੀ ਤਾਂ ਆਈ ਹੈ, ਇਹ ਸਮੇਂ, ਸਥਾਨ ਦੀ ਕੈਦ ਵਿਚ ਨਹੀਂ। ਇਹ ਜੀਵਨ ਸ਼ਾਸਤਰ ਹੈ।

# "ਅਗੰਮ ਅਗੋਚਰ" - ਥੀਮਕ ਅਧਿਐਨ

**ਡਾ. ਕੁਲਵੰਤ ਕੌਰ**
ਸਰਕਾਰੀ ਮਹਿਲਾ ਕਾਲਜ
ਪਟਿਆਲਾ

'ਰਾਤਾਂ ਪ੍ਰਭਾਤਾਂ' ਤੋਂ ਪੂਰੇ ਡੇਢ ਦਹਾਕੇ ਦੇ ਵਕਫ਼ੇ ਪਿਛੋਂ ਪ੍ਰਕਾਸ਼ਿਤ ਹੋਇਆ ਕਾਵਿ-ਸੰਗ੍ਰਹਿ 'ਅਗੰਮ ਅਗੋਚਰ' ਸ਼ਾਇਰ ਮਨਮੋਹਨ ਸਿੰਘ ਦਾਊਂ ਦੇ ਉਨ੍ਹਾਂ ਵਿਸਮਾਦੀ, ਉੱਦਾਤ, ਅਲੌਕਿਕ ਅਤੇ ਦੈਵੀ ਅਨੁਭਵਾਂ, ਵਿਚਾਰਾਂ ਅਤੇ ਮਨੋਵੇਗਾਂ ਦਾ ਢੋਆ ਹੈ ਜਿਹੜੇ ਇੱਕੀਵੀਂ ਸਦੀ ਵਿਚ ਛਪੀ ਕਵਿਤਾ ਦੇ ਪਰਿਪੇਖ ਵਿਚ ਅਸਲੋਂ ਨਿਵੇਕਲੀ ਹੋਂਦ ਵਾਲੇ ਹਨ। ਸ਼ਾਇਰ ਦੇ ਆਪਣੇ ਸ਼ਬਦਾਂ ਵਿਚ 'ਕਵਿਤਾ ਮੇਰੇ ਲਈ ਉੱਚੇ ਸੁੱਚੇ ਕਰਮ ਨਾਲੋਂ ਵੀ ਵੱਡਾ ਕਾਰਜ ਹੈ ਜੋ ਮਨੁੱਖ ਨੂੰ ਜਿਉਣ ਦਾ ਅਹਿਸਾਸ ਤੇ ਸ਼ਕਤੀ ਪ੍ਰਦਾਨ ਕਰਦੀ ਹੈ। ਮੈਂ ਇਸ ਨੂੰ ਸਰਬਕਾਲੀ ਮੰਨਦਾ ਹਾਂ।'

ਸੱਚਮੁੱਚ ਮਹਾਨ ਕਵਿਤਾ ਸਰਬਕਾਲੀ ਹੋਇਆ ਕਰਦੀ ਹੈ ਕਿਉਂਕਿ ਇਹ ਇਨਸਾਨੀ ਹੋਣੀ ਨੂੰ ਸ਼ਬਦ ਦੇ ਨੂਰ ਨਾਲ ਓਤਪੋਤ ਕਰਕੇ ਉਸਨੂੰ ਸਚਿਆਰ ਅਤੇ ਜਾਗਰੂਕ ਕਰਨ ਲਈ ਪ੍ਰੇਰਕਸ਼ਕਤੀ ਵਜੋਂ ਕਾਰਜ ਕਰਦੀ ਹੈ। ਗੁਰਬਾਣੀ, ਸੂਫ਼ੀ ਕਾਵਿ ਅਤੇ ਦੂਸਰੇ ਧਾਰਮਿਕ ਕਾਵਿ ਨੇ ਮਨੁੱਖਤਾ ਅੰਦਰੋਂ ਬੇਬਸੀ, ਕੋਹਜ, ਬਲਹੀਣਤਾ ਅਤੇ ਅਲਪੱਗਤਾ ਦਾ ਅਹਿਸਾਸ ਮੇਟ ਕੇ ਸਵੈਮਾਣ, ਅਣਖਠ ਆਬਰੂ ਅਤੇ ਨਿਰਭੈਤਾ ਦੀ ਅਲਖ ਜਗਾਈ ਅਤੇ ਸ਼ਬਦ ਦੀ ਮਹਿਮਾ ਦਾ ਅਹਿਸਾਸ ਕਰਵਾ ਕੇ ਉਸਨੂੰ ਬ੍ਰਹਿਮੰਡੀ ਚੇਤਨਾ ਦੀ ਸੋਝੀ ਪ੍ਰਦਾਨ ਕੀਤੀ।

ਤਿੰਨ ਦਹਾਕੇ ਲੰਮੇ ਕਾਵਿ-ਸਫ਼ਰ ਦੌਰਾਨ ਦਾਊਂ ਖਾਮੋਸ਼ ਚਸ਼ਮਿਆਂ ਦੇ ਅੰਗ ਸੰਗ ਵਿਚਰਦਿਆਂ ਅਗੰਮ ਅਗੋਚਰ ਤੱਕ ਰਸਾਈ ਕਰਨ ਦੇ ਯੋਗ ਹੋ ਸਕਿਆ ਹੈ ਕਿਉਂਕਿ ਜਿਥੇ ਉਸਨੇ ਦਰਦਾਂ ਨਾਲ ਦੋਸਤੀ ਗੰਢੀ ਉੱਥੇ ਆਪਣੀ ਮਿੱਟੀ (ਧਰਤੀ) ਦੇ ਰੁਦਨ ਨੂੰ ਸੁਣਕੇ ਉਸਨੂੰ ਵੰਡਾਉਣ ਦਾ ਹਰ ਸੰਭਵ ਜਤਨ ਵੀ ਕੀਤਾ। ਅਗੰਮ ਅਗੋਚਰ ਤਕ ਪਹੁੰਚਣ ਦਾ ਵਸੀਲਾ ਸੰਭਵ ਹੀ ਤਾਂ ਹੁੰਦੈ ਜੇਕਰ ਧਰਤ ਵਾਸੀਆਂ ਦੇ ਹੌਕਿਆਂ-ਹਾਵਿਆਂ ਤੇ ਲੋੜਾਂ-ਥੋੜਾਂ ਨੂੰ ਦੂਰ ਕਰਨ ਲਈ, ਵਿਅਕਤੀ ਰਾਤਾਂ ਨੂੰ ਪ੍ਰਭਾਤਾਂ ਵਿਚ ਬਦਲ ਸਕਣ ਦੇ ਸਮਰੱਥ ਹੋਵੇ। ਜਦੋਂ ਪ੍ਰਭੂ ਦੀ ਇਨਾਇਤ ਸਦਕੇ 'ਸ਼ਬਦ' ਦੀ ਅਪਰ-ਅਪਾਰ-ਅੱਥਾਹ ਤੇ ਅਨੰਤ ਸ਼ਕਤੀ ਵਿਚ ਵਿਸ਼ਵਾਸ ਬੱਝ ਜਾਵੇ ਤਾਂ ਸ਼ਬਦ ਰੱਤਾ ਸ਼ਾਇਰ ਇਹ ਕਹਿਣ ਲਈ ਤਰਲੋਮੱਛੀ ਹੋ ਉਠਦੈ:-

*"ਸ਼ਬਦ ਦੀ ਸ਼ਕਤੀ ਅਗੰਮੀ ਨੇ*
*ਸੱਚ ਦੀ ਪੱਕੀ ਥੰਮ੍ਹੀ ਨੇ।*
*ਪੱਥਰ ਨੂੰ ਪੰਜਾ ਲਾ ਦਿੱਤਾ*
*ਤੇ ਡਿਗਦਾ ਪਹਾੜ ਰੁਕ ਗਿਆ ਆਖ਼ਰ।"*

ਦਰਅਸਲ, ਸ਼ਬਦ ਸਮੁੱਚੇ ਬ੍ਰਹਿਮੰਡ ਦਾ ਸਿਰਜਕ ਹੈ। ਸ਼ਬਦ ਬਗੈਰ ਕਿਣਕੇ ਮਾਤਰ ਦਾ ਵਜੂਦ ਵੀ ਨਹੀਂ ਚਿਤਵਿਆ ਜਾ ਸਕਦਾ। ਅੰਮ੍ਰਿਤਾਂ 'ਚੋਂ ਅੰਮ੍ਰਿਤ ਹੈ ਇਹ ਸ਼ਬਦ। ਸਤਿਗੁਰੂ-ਸ਼ਬਦ ਦੀ ਬਦੌਲਤ ਹੀ ਦੀਪਾਂ, ਲੋਆਂ, ਖੰਡਾਂ, ਬ੍ਰਹਿਮੰਡਾਂ ਦਾ ਉਜਾਲਾ ਮੌਜੂਦ ਹੈ। ਸ਼ਬਦ ਦੀ ਸ਼ਕਤੀ ਤੋਂ ਅਗਿਆਤ ਜੀਵ ਅੰਨ੍ਹਾ ਹੀ ਨਹੀਂ ਬੋਲਾ ਵੀ ਹੈ। ਸ਼ਬਦ ਸੱਚਾ ਗੁਰੂ, ਰਾਹ-ਦਸੇਰਾ ਤੇ ਪੱਥ ਪ੍ਰਦਰਸ਼ਕ ਹੈ ਅਤੇ ਮੁਕਤੀ ਵੀ ਇਸੇ ਰਾਹੀਂ ਸੰਭਵ ਹੈ:-

*"ਇਸ ਜਗ ਮਹਿ ਸਬਦੁ ਕਰਣੀ ਹੈ ਸਾਰੁ।*
*ਬਿਨੁ ਸਬਦੈ ਹੋਰ ਮੋਹੁ ਗੁਬਾਰੁ।*
*ਸਬਦੇ ਨਾਮੁ ਰਖੈ ਉਰਿ ਧਾਰਿ।*
*ਸਬਦੇ ਗਤਿ ਮਤਿ ਮੋਖ ਦੁਆਰੁ।"*

ਉਤਪਤੀ ਤੇ ਪਰਲੋ ਦਾ ਸਬੱਬ ਸ਼ਬਦ ਹੀ ਹੈ। ਜਿਸ ਜਿਉੜੇ ਨੂੰ ਇਹ ਸੋਝੀ ਆ ਗਈ ਉਸਦੇ ਜਨਮ ਜਨਮ ਦੇ ਸੰਸੇ ਮਿਟ ਜਾਂਦੇ ਹਨ। ਫਿਰ, ਅਗੰਮ ਅਗੋਚਰ ਤੱਕ ਪਹੁੰਚਣਾ ਮੁਸ਼ਕਿਲ ਨਹੀਂ ਰਹਿੰਦਾ। ਵਿਚਾਰ ਅਧੀਨ ਸਾਡਾ ਕਵੀ ਸੁਭਾਗਸ਼ਾਲੀ ਜਿਉੜਾ ਹੈ ਜਿਸ ਨੂੰ ਸ਼ਬਦ ਵਿਚ

ਅਭੇਦ ਉਨ੍ਹਾਂ ਲਘੂ ਤੇ ਮਹਾਂਨਾਇਕਾਂ ਨੇ ਪ੍ਰੇਰਿਆ ਹੈ ਜੋ ਖੁਦ ਸੰਸਾਰ ਲਈ ਚਾਨਣ ਮੁਨਾਰੇ ਬਣ ਸਕੇ ਹਨ। ਇਤਿਹਾਸਕ ਪ੍ਰਸੰਗਾਂ ਦੇ ਗਵਾਹ ਇਹ ਸਚਿਆਰੇ ਪੁਰਖੇ ਉਹ ਸਿਦਕਵਾਨ, ਸਿਰੜੀ, ਸ਼ਰਧਾਵਾਨ ਤੇ ਸਾਦਿਕ ਵਿਅਕਤੀ ਸਨ ਜੋ ਜ਼ਿਕਰਯੋਗ ਹੁੰਦਿਆਂ ਵੀ ਅਣਗੌਲੇ ਰਹੇ। ਉਨ੍ਹਾਂ ਦੀ ਕੀਰਤੀ ਨਾਲ ਸੰਵਾਦ ਰਚਾਉਣ ਹਿਤ ਹੀ ਇਸ ਦਾ ਪ੍ਰਕਾਸ਼ਨ ਸੰਭਵ ਹੋਇਆ। 'ਪੈਂਡਿਆ ਦੇ ਪਾਂਧੀ' ਵਿਚ ਭਾਈ ਮਰਦਾਨਾ ਜੀ ਦੀ ਸ਼ੰਕਾ ਤੇ ਜਗਿਆਸਾ ਨੂੰ ਕਵੀ ਨੇ ਕਿੰਨੇ ਭਾਵਮਈ ਬੋਲ ਪ੍ਰਦਾਨ ਕੀਤੇ ਹਨ:-

*"ਕਿੱਥੇ ਤੂੰ ਲੈ ਆਇਆ ਮੈਨੂੰ*
*ਸਿਰ ਤੇ ਨੰਗਾ ਨੀਲਾ ਅੰਬਰ।*
*ਪੈਰਾਂ ਹੇਠ ਪ੍ਰਦੇਸ ਓਪਰਾ*
*ਤੁਰਿਆ ਕਿੰਨਾ ਚਿਰ ਹੈ ਹੋਇਆ।*
*ਰੁੱਖ ਬੂਟੇ ਤੇ ਜੀਵ ਨਿਆਰੇ*
*ਤਿੱਥ ਤਿਉਹਾਰ ਵਿਸਰ ਗਏ ਸਾਰੇ।"*

ਇਨ੍ਹਾਂ ਮਹਾਂਨਾਇਕਾਂ ਅੰਦਰਲੇ ਨੂਰੀ ਲਿਸ਼ਕਾਰੇ ਵੇਖ ਅਤੇ ਸਮਝ ਸਕਣੇ ਕਿਸੇ ਦਾਊਂ ਜਿਹੇ ਵਿਰਲੇ ਮਨੁੱਖ ਦਾ ਹੀ ਨਸੀਬਾ ਹੋ ਸਕਦੇ ਹਨ ਕਿਉਂਕਿ ਸ਼ਬਦ-ਜੋਗ ਪਾਲਣ ਲਈ ਆਤਮਿਕ ਸ਼ੁੱਧੀ ਦੀ ਜ਼ਰੂਰਤ ਹੈ। ਯੁੱਗ ਪੁਰਖ ਬਾਬਾ ਨਾਨਕ ਦਾ ਸੰਦੇਸ਼ ਦੇਣ ਵਾਲੇ ਸ਼ਬਦ ਵਾਚਣਯੋਗ ਹਨ:-

*"ਸਰਬ ਕਾਲੀ ਚਾਨਣ ਦਾ ਕੱਜਣ*
*ਸ਼ਬਦ-ਰਾਗ ਦੀ ਤ੍ਰਿਪਤ ਅਗੰਮੀ*
*ਕਾਇਆ ਦਾ ਸਚਿਆਰਾ ਪਿੰਡਾ*
*ਨਾ ਮੈਲਾ ਨਾ ਥਕਦਾ ਕਾਈ*
*ਸੁਣ ਲੈ ਭਲਿਆ*
*ਐ ਮੇਰੇ ਸਾਥੀ ਮਰਦਾਨੇ।"*

'ਅਗੰਮ-ਅਗੋਚਰ' ਵਿਚਲੀਆਂ ਕਵਿਤਾਵਾਂ- ਮਾਈ ਦੌਲਤਾਂ, ਨਾਨਕੀ ਨੂਰਾਨੀ, ਵੇਈਂ ਨਾਲ ਗੁਫ਼ਤਗੂ, ਫੇਰੂ ਰਬਾਬ ਵਾਲਾ, ਨੂਰ ਤੇ ਖੰਜਰ, ਚਾਨਣ ਦੀਆਂ ਇੱਟਾਂ, ਜੰਗਲ ਅੰਦਰ ਮਘਦਾ ਸੂਰਜ, ਜੋਰ ਤੇ ਜਬਰ, ਤਲਵੰਡੀ ਦੀ ਪਗਡੰਡੀ, ਪੰਜਾ, ਪਹਾੜ ਤੇ ਚਸ਼ਮਾ, ਪੁੱਤਰਾਂ ਜਾਈਆਂ, ਕੋਮਲ ਜਿੰਦਾਂ ਸਿਰੜ ਵਡੇਰਾ, ਦੈਵੀ ਚਮਤਕਾਰ, ਰਹਿਬਰ, ਅਗੰਮੀ ਮਮਤਾ, ਸੂਰਜ ਉਗਮਿਆ, ਪ੍ਰਭ, ਸ਼ਬਦ ਅਤੇ ਰਬਾਬ ਅਤੇ ਕਾਦਰ ਦੀ ਮਹਿਮਾ ਵਿਚ ਕਵੀ ਨੇ ਧਾਰਮਿਕ ਸਿਰਲੇਖਾਂ ਦੇ ਬਾਵਜੂਦ ਬੇਹੱਦ ਕਾਵਿਕ, ਕਲਾਤਮਿਕ ਅਤੇ ਸਿਰਜਣਾਤਮਕ ਸਮਰੱਥਾ ਦਾ ਪ੍ਰਗਟਾਵਾ ਕੀਤਾ ਹੈ। ਵਧੇਰੇ ਕਾਵਿ-ਸਿਰਲੇਖ ਦੋ ਵਿਰੋਧੀ ਭਾਵਾਂ ਦੇ ਸੁਮੇਲ ਨਾਲ ਬਣਾਏ ਹਨ ਜੋ ਮੱਧਕਾਲੀ ਜਬਰ, ਜ਼ੁਲਮ, ਸਿਦਕ, ਸਿਰੜ ਤੇ ਸੰਕਟਾਂ ਦੀ ਨਿਸ਼ਾਨਦੇਹੀ ਕਰਦੇ ਹਨ।

ਆਪਣੇ ਗੌਰਵਸ਼ਾਲੀ ਵਿਰਸੇ ਨੂੰ ਨਵੀਂ ਦ੍ਰਿਸ਼ਟੀ ਤੋਂ ਸਮਝਣ, ਆਂਕਣ ਅਤੇ ਸੰਭਾਲਣ ਦੀ ਲੋੜ ਦੇ ਪਰਿਪੇਖ ਵਿਚ ਜਿੱਥੇ ਇਹ ਕਵਿਤਾਵਾਂ ਉਨ੍ਹਾਂ ਪਲਾਂ ਛਿਣਾਂ ਪਰਿਸਥਿਤੀਆਂ, ਘਟਨਾਵਾਂ ਤੇ ਸਾਕਿਆਂ ਨੂੰ ਪੁਨਰ-ਸੁਰਜੀਤ ਕਰਨ ਦੀ ਕੋਸ਼ਿਸ਼ ਹਨ ਉਥੇ ਦਾਊਂ-ਕਾਵਿ ਦੇ ਵਿਲੱਖਣ ਨਾਰੀ-ਦ੍ਰਿਸ਼ਟੀਕੋਣ 'ਤੇ ਵੀ ਰੋਸ਼ਨੀ ਪਾਉਂਦੀਆਂ ਹਨ। ਪਹਿਲੀ ਉਦਾਸੀ ਤੋਂ ਪਰਤੇ ਚੰਨ-ਪੁੱਤਰ ਦੇ ਸੰਯੋਗ ਸਮੇਂ ਨੂੰ ਚਿਤਰਦਿਆਂ ਕਵੀ ਲਿਖਦੈ:-

*"ਛਾਂ ਦੀ ਗਲਵਕੜੀ ਅੰਦਰ*
*ਖੰਡ ਬ੍ਰਹਿਮੰਡ ਜਾਗ ਪਏ ਸੁੱਤੇ।"*

ਨੂਰਾਨੀ ਨਿਮਰਤਾ ਵਾਲੀ ਬੀਬੀ ਨਾਨਕੀ ਦਾ ਜੱਗ ਵਿਚ ਕੋਈ ਸਾਨੀ ਨਹੀਂ ਸੀ। ਜਿਸਨੇ ਨੂਰੀ ਸਰੂਪ ਨੂੰ ਤੱਕਦਿਆਂ ਹੀ ਦਿਵਯਤਾ ਦਾ ਅਹਿਸਾਸ ਕਰ ਲਿਆ ਸੀ। 'ਕਾਇਨਾਤੀ ਕੁੱਖ' ਚੋਂ ਜੋਤ ਜਗਾਉਣ ਵਾਲੀ ਮਾਈ ਦੌਲਤਾਂ ਵੀ ਇੱਕ ਅਣਗੌਲਿਆ ਪਾਤਰ ਹੈ, ਜਿਸਨੇ ਸਭ ਤੋਂ ਪਹਿਲਾਂ 'ਨੂਰੀ ਨੀਂਗਰ' ਦਾ ਦੀਦਾਰ ਕੀਤਾ ਸੀ। ਸ਼ਾਇਰ ਦੇ ਦੈਵੀ-ਕਾਵਿ ਦੀ ਸਿਖਰ ਹੈ ਮਾਤਾ ਤ੍ਰਿਪਤਾ ਤੇ ਮਾਈ ਲੱਖੋ (ਭਾਈ ਮਰਦਾਨੇ ਦੀ ਮਾਤਾ) ਦੇ ਮਨੋਭਾਵ:-

*"ਕਦੋਂ ਮੁੜਣਗੇ ਪਤਾ ਨਾ ਕਾਈ*
*ਦਿਨ, ਮਹੀਨੇ, ਸਾਲ ਬੀਤ ਗਏ।*
*ਰੁੱਤਾਂ ਭੌਂਈਆਂ*
*ਕੀ ਵਿਹਾਜਣ ਗਏ ਨੇ ਦੋਵੇਂ*
*ਲੱਖੋ-ਤ੍ਰਿਪਤਾ ਕਰਨ ਵਿਚਾਰਾਂ।"*

ਮਮਤਾ-ਗੁੱਧੀਆਂ ਭੋਲੀਆਂ ਮਾਵਾਂ ਪੁੱਤਰਾਂ ਲਈ ਸਹਿਕਦੀਆਂ ਦਿਨ ਮਹੀਨੇ ਤੇ ਸਾਲ ਗਿਣ ਗਿਣ ਵਿਆਕੁਲ ਹੁੰਦੀਆਂ ਹਨ ਕਿਉਂਕਿ ਆਪਣੀਆਂ ਨੂੰਹਾਂ ਦੀ ਵਿਯੋਗੀ ਜਵਾਨੀ ਤੇ ਉਮਰ ਰੁੱਤ ਉਨ੍ਹਾਂ ਨੂੰ ਚੈਨ ਨਾਲ ਬੈਠਣ ਨਹੀਂ ਦਿੰਦੀ। ਭਾਈ ਫੇਰੂ

ਵਲੋਂ ਅਮਰ ਰਬਾਬ ਬਣਾਏ ਜਾਣ ਉਪਰੰਤ ਭਾਈ ਮਰਦਾਨੇ ਨੂੰ ਸੌਂਪਣ ਤੋਂ ਪਹਿਲਾਂ ਉਸਨੂੰ ਬੀਬੀ ਨਾਨਕੀ ਦੇ ਹੱਥਾਂ ਨਾਲ ਛੁਹਾਉਣਾ ਕਵੀ ਦੇ ਔਰਤ ਦ੍ਰਿਸ਼ਟੀਕੋਣ ਦੇ ਹਾਂ ਮੁਖੀ ਰਵੱਈਏ ਨੂੰ ਉਜਾਗਰਦਾ ਹੈ।

ਇੰਞ, 'ਅਗੰਮ ਅਗੋਚਰ', ਭਾਵਪੂਰਤ ਰੂਪਕਾਂ, ਅਲੰਕਾਰਾਂ ਤੇ ਕਾਵਿ-ਬਿੰਬਾਂ ਦਾ ਸੁਮੇਲ ਵੀ ਹੈ। ਇਸ ਵਿਚਲੇ ਅਨੇਕ ਸ਼ਬਦ ਜਿਵੇਂ ਕਾਇਨਾਤੀ ਕੁੱਖ, ਜਲਦੀ ਬੁੰਭਠ ਹੱਥ ਸੁੱਚੇ ਕਰਨੇ, ਦੀਵਟੀ, ਨੀਂਗਰ, ਗੱਛਣਾਠ ਰੱਤੜੇ, ਸਿਦਕੜੇ, ਅਨੂਪਤਾ, ਵੇਲੜੇ, ਪਿਆਰੜੇ, ਰੁੰਨੜੇ ਅਤੇ ਸ਼ਬਦਾਇਆ ਵਿਸ਼ੇਸ਼ ਤਵੱਜੋਂ ਦੇ ਅਧਿਕਾਰੀ ਹਨ। ਪੁਸਤਕ ਦਾ ਸਰਵਰਕ ਆਕਰਸ਼ਕ ਹੈ। ਗਗਨਈ ਵਿਸ਼ਾਲਤਾ ਦਾ ਬੌਧਕ ਅਤੇ ਨੀਲੱਤਣਾਂ ਨੂੰ ਸਾਕਾਰਦਾ, ਸਾਡਾ ਇਹ ਸ਼ਾਇਰ ਵੀ ਆਕਾਸ਼ੀ ਉਡਾਰੀਆਂ ਲਾਉਣ ਲਈ ਉਤਾਵਲਾ ਹੈ ਤਾਂ ਜੋ ਅਗੰਮ ਅਗੋਚਰ ਤੱਕ ਛੇਤੀ ਪਹੁੰਚਿਆ ਜਾ ਸਕੇ। ਇਹ ਪੁਸਤਕ ਵਾਕਈ ਕਾਵਿ-ਸੰਸਾਰ ਵਿਚ ਇਕ ਵਡਮੁੱਲਾ ਵਾਧਾ ਹੈ। ਜਿਸ ਨੂੰ ਪੜ੍ਹਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ਇਸ ਨੂੰ ਰਘਬੀਰ ਰਚਨਾ ਪ੍ਰਕਾਸ਼ਨ ਚੰਡੀਗੜ੍ਹ ਨੇ ਬੜੀ ਹੀ ਰੀਝ ਤੇ ਨੀਝ ਨਾਲ ਛਾਪਿਆ ਹੈ।

# ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਬਾਨੀ
# ਸੰਤ ਬਾਬਾ ਸੁੱਚਾ ਸਿੰਘ ਜੀ (ਜਵੱਦੀ)
# ਪਹਿਲੀ ਬਰਸੀ - ਮਿਤੀ 25, 26, 27 ਅਗਸਤ 2003

ਸੱਚਖੰਡ ਵਾਸੀ ਬ੍ਰਹਮਗਿਆਨੀ ਸ੍ਰੀ ਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਦਾ ਜਨਮ ਪਿੰਡ ਜਮੀਅਤਗੜ੍ਹ ਭੱਲੇ ਵਿਖੇ ਪਿਤਾ ਸ੍ਰ. ਨਗੀਨਾ ਸਿੰਘ ਜੀ ਅਤੇ ਮਾਤਾ ਧੰਨ ਕੌਰ ਜੀ ਦੀ ਕੁੱਖੋਂ ਹੋਇਆ। ਬਾਬਾ ਜੀ ਬਚਪਨ ਤੋਂ ਹੀ ਰੱਬੀ ਪਿਆਰ ਵਿਚ ਰੰਗੇ ਹੋਏ ਸਨ। ਪਰਿਵਾਰ ਵਿਚ ਰਹਿੰਦਿਆਂ ਘਰੇਲੂ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਵੀ ਗੁਰੂ ਪਿਆਰ ਦਾ ਹੀ ਆਨੰਦ ਮਾਣਦੇ ਰਹੇ। ਆਪ ਜੀ ਨੇ ਵਾਹਿਗੁਰੂ ਜੀ ਦੇ ਪਿਆਰ ਨੂੰ ਇਕਾਂਤ ਵਿਚ ਮਾਨਣ ਦਾ ਮਨ ਬਣਾਇਆ ਤੇ ਬੜੂ ਸਾਹਿਬ (ਹਿਮਾਚਲ ਪ੍ਰਦੇਸ਼) ਦੀਆਂ ਪਹਾੜੀਆਂ ਵਿਚ ਰਹਿ ਕੇ ਪ੍ਰਭੂ ਆਨੰਦ ਵਿਚ ਲੀਨ ਹੋ ਗਏ। ਬਾਬਾ ਜੀ ਨੇ ਆਤਮਕ ਗਿਆਨ ਦੇ ਸਿਖਰ ਦੀ ਮੋਹਰ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੇ ਚਰਨਾਂ ਵਿਚ ਰਹਿ ਕੇ ਲਵਾਈ। ਲੁਧਿਆਣਾ ਵਿਖੇ ਬਾਬਾ ਸੁੱਚਾ ਸਿੰਘ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਨਿੰਨ ਸਿੱਖ ਭਾਈ ਜਵੰਦਾ ਜੀ ਦੇ ਨਾਂ ਤੇ ਵਸੇ ਪਿੰਡ ਜਵੱਦੀ ਦੀ ਖੱਬੀ ਨੁਕਰ ਤੇ 'ਗੁਰੂ ਦੁਆਰੇ ਹੋਇ ਸੋਝੀ ਪਾਇਸੀ' ਦੇ ਮਹਾਂਵਾਕ ਅਨੁਸਾਰ ਗੁਰ ਅਸਥਾਨ ਬਣਾਇਆ। ਇਸ ਅਸਥਾਨ ਤੇ ਰਹਿ ਕੇ ਆਪ ਜੀ ਨੇ ਮਹਾਨ ਪੰਥਕ ਕਾਰਜ ਕੀਤੇ।

ਜਿੱਥੇ ਬਾਬਾ ਜੀ ਨੇ ਗੁਰਮਤਿ ਸਿਧਾਂਤਾਂ ਦਾ ਭਰਪੂਰ ਪ੍ਰਚਾਰ ਕੀਤਾ, ਉਥੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਰਾਗਾਤਮਕ ਸੰਗੀਤ ਪ੍ਰਬੰਧ ਨੂੰ ਉਜਾਗਰ ਕਰਨ ਦਾ ਸਫਲ ਪ੍ਰਯੋਗ ਕੀਤਾ। ਸ੍ਰੀ ਗੁਰੂ ਨਾਨਕ ਸੰਗੀਤ ਪੱਧਤੀ ਨੂੰ ਪੁਨਰ ਸੁਰਜੀਤ ਕਰਨ ਤੇ ਆਪਣੇ ਅਮੀਰ ਵਿਰਸੇ ਦੀ ਸਾਂਭ ਸੰਭਾਲ ਲਈ ਮਹਾਨ ਸੰਗੀਤਕ ਵਿਦਵਾਨਾਂ ਦੀ ਰਾਗ ਨਿਰਣਾਇਕ ਕਮੇਟੀ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਸਮੂਹ ਰਾਗ ਪ੍ਰਬੰਧਾਂ ਦੇ ਸਰੂਪ ਨਿਸ਼ਚਿਤ ਕਰਵਾਏ ਤੇ ਇਨ੍ਹਾਂ ਹੀ ਸਰੂਪਾਂ ਦੇ ਅਧਾਰ 'ਤੇ ਪੰਥ ਪ੍ਰਸਿੱਧ ਵਿਦਵਾਨ ਰਾਗੀਆਂ ਤੋਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਨਾਂ ਹੇਠ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਦਰਬਾਰ ਕਰਵਾਏ।

ਗੁਰਮਤਿ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਬਾਬਾ ਜੀ ਨੇ *ਵਿਸਮਾਦੁ ਨਾਦ* ਸੰਸਥਾ ਦੀ ਸਥਾਪਨਾ ਕੀਤੀ। ਵਿਸਮਾਦੁ ਨਾਦ ਨੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀਆਂ ਆਡੀਓ ਵੀਡੀਓ ਕੈਸਟਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਸ਼ੁਧ 31 ਰਾਗ, ਗਉੜੀ ਦੇ ਪ੍ਰਕਾਰ, ਸ਼ਬਦ ਹਜ਼ਾਰੇ ਪਤਿਸ਼ਾਹੀ 10 ਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਪੰਥ ਦੇ ਮਹਾਨ ਰਾਗੀਆਂ ਪਾਸੋਂ ਗਵਾ ਕੇ ਸੰਗਤਾਂ ਨੂੰ ਮੁਹੱਈਆ ਕਰਵਾਈਆਂ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਪ੍ਰਤੀ ਵਚਨਵੱਧ ਪ੍ਰਸਿੱਧ ਵਿਦਵਾਨ ਰਾਗੀਆਂ ਨੂੰ ਹਰ ਸਾਲ ਗੁਰਮਤਿ ਸੰਗੀਤ ਐਵਾਰਡ ਦਿੱਤਾ ਜਾਂਦਾ ਹੈ।

ਗੁਰਮਤਿ ਸੰਗੀਤ ਅਤੇ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਹਿਤ ਬਾਬਾ ਜੀ ਨੇ ਗੁਰਦੁਆਰਾ ਸਾਹਿਬ ਵਿਖੇ 1992 ਵਿਚ ਗੁਰਸ਼ਬਦ ਸੰਗੀਤ ਅਕੈਡਮੀ ਅਤੇ ਜਵੱਦੀ ਟਕਸਾਲ ਦੀ ਸਥਾਪਨਾ ਕੀਤੀ ਗਈ। ਟਕਸਾਲ ਵਿਚ ਇਸ ਸਮੇਂ 100 ਦੇ ਕਰੀਬ ਵਿਦਿਆਰਥੀ ਆਪਣੇ ਨਿੱਜੀ ਜੀਵਨ ਨੂੰ ਰੱਬੀ ਹੁਕਮ ਅਨੁਸਾਰ ਸੰਵਾਰ ਰਹੇ ਹਨ।

ਸੰਤ ਬਾਬਾ ਸੁੱਚਾ ਸਿੰਘ ਜੀ 27 ਅਗਸਤ 2002 ਨੂੰ ਆਪਣਾ ਪੰਜ ਭੂਤਕ ਸਰੀਰਕ ਚੋਲਾ ਤਿਆਗ ਕੇ ਬ੍ਰਹਮਲੀਨ ਹੋ ਗਏ। ਬਾਬਾ ਜੀ ਦੀ ਪਹਿਲੀ ਬਰਸੀ ਤੇ ਜਵੱਦੀ ਟਕਸਾਲ ਵਲੋਂ ਸਮੂਹ ਸਾਧ ਸੰਗਤ ਨੂੰ ਹੁਮ ਹੁਮਾ ਕੇ ਪੁੱਜਣ ਲਈ ਬੇਨਤੀ ਕੀਤੀ ਜਾਂਦੀ ਹੈ।

*ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਸਾਹਿਬ, ਜਵੱਦੀ ਟਕਸਾਲ, ਲੁਧਿਆਣਾ (ਪੰਜਾਬ)*

# Cardinal Fundamentals of Sikhism

R M Chopra
678, Marshall House
25, Stand Road, Kolkata 700001

Aldous Huxley (1894 - 1963), the English writer, critic and philosopher, in his The perennial philosophy (1944), explains that the real and universally accepted objective of all religions is the guidance and education of man both in individual and group-life. The religion is for the good of man, not man for religion. Religion aims at training men to make desireable changes in their own personalities and in the society as well as to heighten co-nsciousness and so establish more adequate relation between themselves and the universe of which they are parts.

Therefore, Religion is not an end in itself. It is the means for the realization the ideal - the development and perfection of imperfect humanity. Man has a dual nature - the higher and the lower. The aim of life is to transform the lower nature into the higher. It is through the medium of religion that man is guided and helped in bringing about this transformation.

Sikhism, for the achievement of this objective, has enjoined upon its adherents, among other things, the following cardinal fundamentals-

**1. Nam Japna 2. Kirt Karni**

**1. Nam Japna:** Always to remember, meditate and repeat the name of God because everything in the universe is created by the Divine Name (NAM); all the visible forms are held by the Divine Name; everything takes its rise from the Divine Name and again is absorbed in the Divine Name. It is the spirit of God and the enlightener and purifier of the soul. It stands for God and His Creative Transformative power and is the most powerful and effective means of attaining identity with the Divine Being. For attuning with God, repeating of the Divine Name enables one to reach that state of Samadhi (absorption) where he finds himself in the presence of God.

**2. Kirt Karni:** To do something in this world to earn one's honest livelihood. To undertake any kind of activity in order to honestly make both ends meet. Perfection of mankind lies in action and the essence of virtue lies in rightful activities. It is this tenet which has made Sikhs most enterprising pioneers in all fields of activity.

**3. Wand Chhakna:** To share with

others who are less-blessed or under-privileged and who are unable to help themselves. It is this way of life in Sikhism which has given rise to the instutionalisation of 'Daswand' and is based on the dictum: one who gives bountifully shall also reap bountifully. This way of life encourages to render self-less service for the benefit of the needy.

These cardinal fundamentals not only bring about desireable changes in the personality of man for the benifit of the society but also amply manifest universalism of Sikhism. The Sikh faith extols its adherents to lead a life which should not come in conflict with any body rather it should help others in the solution of their temporal and spiritual problems.

Love and service are the basic Ideals of Sikhism and everything in life is done to achieve these two. It promotes the ideology that there is no stranger anywhere and all are only other from of Self and, while keeping God's existence in view, service to His Creation and humanity must be rendered as it is possible and practical. It is through love and service that one can bring about transformation in the society and can also earn the grace of God.

Sikhism wants every adherent to practice the ideals of the faith in actual life and not restrict them only to idealism. It has been repeatedly emphasissed by the Divine Gurus -

***Rehni rahe soi Sikh mera***
***Rehat piari mujhko***
***sikh piara na.***

(He who leads the life according to the universal ideals of Sikhism is my Sikh. It is the way of life which I love and not those who only profess Sikhism outwardly and do not live the life of a true Sikh.)

Sikhism is the practical religion which exhorts all its followers to be transmuted as ideal human beings and decries against those who pay lip service to the Faith but do not practice in real life.

# ਸੁਰ ਲਿਪੀਆਂ

## ਉਤਮ ਸਿੰਘ 409, ਫੇਜ਼ 3ਬੀ-1, ਮੁਹਾਲੀ

**ਰਾਗ ਜੈਤਸਰੀ**

**ਅਰੋਹ** : ਸ ਗ ਮੇ ਪ ਨੀ ਸਂ। **ਅਵਰੋਹ** : ਸਂ ਨੀ ਧੁ ਪ ਮੇ ਗ ਮੇ ਗ ਰੇ ਸ।

**ਸੁਰ** : ਰ ਅਤੇ ਧ ਕੋਮਲ ਅਤੇ ਮ ਤੀਵਰ **ਥਾਟ** : ਪੂਰਬੀ **ਜਾਤੀ** : ਔੜਵ-ਸੰਪੂਰਨ **ਸਮਾਂ** : ਦਿਨ ਦਾ ਚੌਥਾ ਪਹਿਰ

**ਵਾਦੀ** : ਸੁਰ-ਗ **ਸੰਵਾਦੀ** : ਨੀ

ਤੀਨ ਤਾਲ 16 ਮਾਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| *ਸਥਾਈ :* | | | | | | | | | | | | ਨ਼ੀ | ਸ | ਗ | ਮੇ |
| | | | | | | | | | | | | ਭੂ | ਲਿ | ਓ | S |
| ਪ | ਪ | ਪ | ਪ | ਮੇ | ਗ | ਮੇ | ਗ | ਰੇ | ਸ | ਸ | ਸ | ਪ | - | ਪ | - |
| ਮ | ਨੁ | ਮਾ | S | ਇਆ | S | ਉ | ਰ | ਝਾ | S | ਇਓ | S | ਜੋ | S | ਜੋ | S |
| ਪ | ਪ | ਪ | ਪ | ਮੇ | ਗ | ਮੇ | ਗ | ਰੇ | ਰੇ | ਸ | ਸ | ਮੇ | ਪ | ਨੀ | ਸਂ |
| ਕ | ਰ | ਮ | ਕੀ | ਓ | S | ਲਾ | S | ਲ | ਚ | ਲ | ਗਿ | ਤਿ | ਹ | ਤਿ | ਹ |
| ਨੀ | ਧੁ | ਪ | ਪ | ਮੇ | ਗ | ਮੇ | ਗ | ਰੇ | ਰੇ | ਸ | ਸ | | | | |
| ਆ | S | ਪੁ | ਬੰ | ਧਾ | S | S | ਇ | ਓ | S | S | S | | | | |
| *ਅੰਤਰਾ* | | | | | | | | | | | | ਪ | - | ਪ | ਪ |
| | | | | | | | | | | | | ਸ | ਮ | ਝ | ਨ |
| ਮੇ | ਪ | ਗ | ਮੇ | ਪ | ਪ | ਨੀ | ਨੀ | ਸਂ | - | ਸਂ | ਸਂ | ਪ | ਨੀ | ਸਂ | ਰੇਂ |
| ਪ | ਗੀ | S | ਬਿ | ਖੈ | S | ਰ | ਸ | ਰ | ਚਿ | ਓ | S | ਜ | ਸੁ | ਹ | ਰਿ |
| ਸਂ | ਨੀ | ਧੁ | ਪ | ਮੇ | ਗ | ਮੇ | ਗ | ਰੇ | ਸ | ਸ | ਸ | ਪ | - | ਪ | ਪ |
| ਕੋ | S | ਬਿ | ਸ | ਰਾ | S | S | ਇ | ਓ | S | S | S | ਸੰ | S | ਗਿ | ਸੁ |
| ਮੇ | ਪ | ਗ | ਮੇ | ਪ | ਪ | ਨੀ | ਨੀ | ਸਂ | - | ਸਂ | ਸਂ | ਪ | ਨੀ | ਸਂ | ਰੇਂ |
| ਆ | ਮੀ | ਸੋ | S | ਜਾ | S | ਨਿ | ਓ | ਨਾ | S | ਹਿ | ਨ | ਥ | ਨੁ | ਖੋ | S |
| ਸਂ | ਨੀ | ਧੁ | ਪ | ਮੇ | ਗ | ਮੇ | ਗ | ਰੇ | ਸ | ਸ | ਸ | | | | |
| ਜ | ਨ | ਕਉ | S | ਧਾ | S | S | ਇ | ਓ | S | S | S | | | | |
| x | | | | 2 | | | | 0 | | | | 3 | | | |

## ਸ੍ਰ. ਗਿਆਨ ਸਿੰਘ ਐਬਟਾਬਾਦ

ਰਾਗ ਜੈਤਸਰੀ, ਝਪਤਾਲ, ਬਿਲੰਬਿਤ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| *ਸਥਾਈ :* | | | | | ਨ਼ੀ | ਰੁ | ਗ | ਪ | ਂਗ |
| | | | | | ਹ | ਰਿ | ਜੁ | S | S |
| ਪ | ਪ | ਧੁ | - | ਪ | ਪ | ਪ | ਮੇ | ਗ | ਧੁ |
| ਰਾ | ਖਿ | ਲੇ | S | ਹੁ | ਪ | ਤਿ | ਮੇ | S | ਗੀ |
| ਪ | ਮੇ | ਗ | ਰੁ | ਸ | | | | | |
| ਪ | ਤਿ | ਮੇ | S | ਗੀ | | | | | |

| ਅੰਤਰਾ | | | | | | | | | |
|---|---|---|---|---|---|---|---|---|---|
| | | | | | ਪ | ਧੁ | ਸਂ | - | - |
| | | | | | ਜ | ਮ | ਕੋ | ऽ | ऽ |
| ਸਂ | - | ਸਂ | - | ਸਂ | ਨ | ਰੁ | ਨ | ਧੁ | ਪ |
| ਝੂਾ | ऽ | ਸ | ऽ | ਭ | ਇਓ | ऽ | ਉ | ऽ | ਰ |
| ਪ | ਮੇ | ਗ | ਰੁ | ਸ | ਨ | ਰੁਂ | ਗ | ਪ | ਂਗ |
| ਅੰ | ऽ | ਤ | ऽ | ਰਿ | ਸ | ਰ | ਨ | ऽ | ਗ |
| ਪ | - | ਧੁ | - | ਪ | ਪ | - | ਮੇ | ਗ | ਧੁ |
| ਹੀ | ऽ | ਕਿ | ऽ | ਰ | ਪਾ | ऽ | ਨਿ | ऽ | ਧਿ |
| ਪ | ਮੱ | ਗ | ਰੁ | ਸ | | | | | |
| ਤੇ | ऽ | ਗੀ | ऽ | ऽ | | | | | |

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਜੈਤਸਰੀ ਮਹਲਾ ੯ ॥ | Jaitsri 9th Guru. | ਜੈਤਸਰੀ ਨੌਵੀਂ ਪਾਤਿਸ਼ਾਹੀ। |
|---|---|---|
| ੧ਓ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਭੂਲਿਓ ਮਨੁ ਮਾਇਆ ਉਰਝਾਇਓ ॥ | My erring soul is entangled with mammon. | ਮੇਰੀ ਭੁਲੀ ਹੋਈ ਆਤਮਾ ਧਨ-ਦੌਲਤ ਨਾਲ ਉਲਝੀ ਹੋਈ ਹੈ। |
| ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥੧॥ | Whatever deeds I do attached with avarice; with them all, I am binding down myself, | ਜਿਹੜੇ ਭੀ ਕੰਮ ਮੈਂ ਲੋਭ ਨਾਲ ਜੁੜ ਕੇ ਕਰਦਾ ਹਾਂ, ਉਨ੍ਹਾਂ ਸਾਰਿਆਂ ਨਾਲ ਮੈਂ ਆਪਣੇ ਆਪ ਨੂੰ ਜਕੜ ਰਿਹਾ ਹਾਂ। |
| ਰਹਾਉ ॥ | Pause. | ਠਹਿਰਾਉ। |
| ਸਮਝ ਨ ਪਰੀ ਬਿਖੈ ਰਸ ਰਚਿਓ ਜਸੁ ਹਰਿ ਕੋ ਬਿਸਰਾਇਓ ॥ | I obtain not understanding, am engrossed in sinful pleasures and I have forgotten the praise of God. | ਮੈਂ ਸਚ ਵੀਚਾਰ ਨਹੀਂ ਕਰਦਾ, ਪਾਪ ਭਰੀਆਂ ਮੌਜਾਂ ਵਿਚ ਖਚਤ ਹੋਇਆ ਹੋਇਆਂ ਹਾਂ ਅਤੇ ਮੈਂ ਵਾਹਿਗੁਰੂ ਦੀ ਕੀਰਤੀ ਭੁਲਾ ਦਿੱਤੀ ਹੈ। |
| ਸੰਗਿ ਸੁਆਮੀ ਸੋ ਜਾਨਿਓ ਨਾਹਿਨ ਬਨੁ ਖੋਜਨ ਕਉ ਧਾਇਓ ॥੧॥ | The Lord is with me. Him I recognise not and run seeking Him in the forest. | ਪ੍ਰਭੂ ਮੇਰੇ ਅੰਗ ਸੰਗ ਹੈ। ਉਸ ਨੂੰ ਮੈਂ ਪਛਾਣਦਾ ਨਹੀਂ ਅਤੇ ਉਸ ਨੂੰ ਮੈਂ ਜੰਗਲ ਵਿਚ ਲਭਣ ਲਈ ਦੌੜਦਾ ਹਾਂ। |
| ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ ॥ | The Lord's jewel is within my mind and His knowledge I have not. | ਸੁਆਮੀ ਦਾ ਜਵੇਹਰ ਮੇਰੇ ਹਿਰਦੇ ਅੰਦਰ ਹੀ ਹੈ ਅਤੇ ਮੈਨੂੰ ਉਸ ਦੀ ਗਿਆਤ ਨਹੀਂ। |
| ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ ॥੨॥ | O serf Nanak, without the fortunate Lord's meditation, the human life is lost in vain. | ਹੇ ਨਫ਼ਰ ਨਾਨਕ! ਭਾਗਾਂ ਵਾਲੇ ਸਾਹਿਬ ਦੇ ਸਿਮਰਨ ਬਾਝੋਂ, ਮਨੁੱਖੀ-ਜੀਵਨ ਵਿਅਰਥ ਗੁਆਚ ਜਾਂਦਾ ਹੈ। |

♦ ♦ ♦

| ਜੈਤਸਰੀ ਮਹਲਾ ੯ ॥ | Jaitsri 9th Guru. | ਜੈਤਸਰੀ ਨੌਵੀਂ ਪਾਤਿਸ਼ਾਹੀ। |
|---|---|---|
| ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥ | O adorable God, preserve Thou my honour. | ਹੇ ਪੂਜਨੀਜ ਵਾਹਿਗੁਰੂ! ਤੂੰ ਮੇਰੀ ਲਜਿਆ ਰਖ। |

| | | |
|---|---|---|
| ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨ ਗਹੀ ਕਿਰਪਾ ਨਿਧਿ ਤੇਰੀ ॥੧॥ | The fear of death has entered my mind and I have clung to Thine asylum, O ocean of mercy. | ਮੇਰੇ ਹਿਰਦੇ ਨੂੰ ਮੌਤ ਦਾ ਡਰ ਪੈ ਗਿਆ ਹੈ ਅਤੇ ਮੈਂ ਤੈਂਡੀ ਪਨਾਹ ਪਕੜੀ ਹੈ, ਹੇ ਰਹਿਮਤ ਦੇ ਸਮੁੰਦਰ। |
| ਰਹਾਉ ॥ | Pause. | ਠਹਿਰਾਉ। |
| ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ ॥ | I am a great sinner, stupid and greedy and I have now grown weary of committing sins. | ਮੈਂ ਪਰਮ ਗੁਨਹਗਾਰ, ਮੂਰਖ ਅਤੇ ਲਾਲਚੀ ਹਾਂ ਅਤੇ ਹੁਣ ਮੈਂ ਗੁਨਾਹ ਕਰਦਾ ਕਰਦਾ ਹੰਭ ਗਿਆ ਹਾਂ। |
| ਭੈ ਮਰਬੇ ਕੋ ਬਿਸਰਤ ਨਾਹਨਿ ਤਿਹ ਚਿੰਤਾ ਤਨੁ ਜਾਰਾ ॥੧॥ | The fear of death, I forget not. That anxiety has wasted away my body. | ਮੌਤ ਦਾ ਡਰ ਮੈਨੂੰ ਭੁਲਦਾ ਨਹੀਂ। ਉਸ ਫ਼ਿਕਰ ਨੇ ਮੇਰਾ ਸਰੀਰ ਸਾੜ ਸੁਟਿਆ ਹੈ। |
| ਕੀਏ ਉਪਾਵ ਮੁਕਤਿ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ ॥ | I have been running about in ten directions, making efforts for my emancipation. | ਮੈਂ ਆਪਣੀ ਕਲਿਆਣ ਵਾਸਤੇ ਉਪਰਾਲੇ ਕਰਦਾ ਹੋਇਆ, ਦਸੀਂ ਪਾਸੀਂ ਭੱਜਿਆ ਫਿਰਿਆ ਰਿਹਾ ਹਾਂ। |
| ਘਟ ਹੀ ਭੀਤਰਿ ਬਸੈ ਨਿਰੰਜਨੁ ਤਾਕੋ ਮਰਮੁ ਨ ਪਾਇਆ ॥੨॥ | The Pure Lord abides within my mind, but I know not His secret. | ਪਵਿਤਰ ਪ੍ਰਭੂ ਮੇਰੇ ਹਿਰਦੇ ਅੰਦਰ ਨਿਵਾਸ ਰੱਖਦਾ ਹੈ, ਪ੍ਰੰਤੂ ਮੈਂ ਉਸ ਦੇ ਭੇਤ ਨੂੰ ਨਹੀਂ ਜਾਣਦਾ। |
| ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ ॥ | I have no merit, nor any contemplation and penance. What deed should I, now, do to please Thee, O my Lord? | ਮੇਰੇ ਪਲੇ ਨੇਕੀ ਨਹੀਂ, ਨਾ ਹੀ ਕੋਈ ਸਿਮਰਨ ਤੇ ਤਪੱਸਿਆ ਹੈ। ਤੈਨੂੰ ਖੁਸ਼ ਕਰਨ ਲਈ, ਹੁਣ ਮੈਂ ਕਿਹੜਾ ਕੰਮ ਕਰਾਂ, ਹੇ ਮੇਰੇ ਸੁਆਮੀ ? |
| ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ ॥੩॥੨॥ | Nanak, I have grown weary and have sought Thy protection. O Lord, bless me wih the gift of fearlessness. | ਨਾਨਕ, ਮੈਂ ਥਕ ਗਿਆ ਹਾਂ ਅਤੇ ਮੈਂ ਤੇਰੀ ਪਨਾਹ ਲਈ ਹੈ। ਹੇ ਸਾਹਿਬ! ਮੈਨੂੰ ਨਿਰਭੈਤਾ ਦੀ ਦਾਤ ਬਖ਼ਸ਼। |

***SGGS. P. 702-703***